ISSN 0972-2335

# ਅੰਮ੍ਰਿਤ ਕੀਰਤਨ



ਡਾ. ਇੰਦਰਜੀਤ ਸਿੰਘ

ਸੰਪਾਦਕ
ਡਾ. ਜਾਗੀਰ ਸਿੰਘ

ਫਰਵਰੀ 2024

ਮੁੱਲ 15/-



## ਵਿੱਚ ਸੰਗਤਿ ਹਰਿ ਪ੍ਰਭੁ ਵੱਸੈ ਜੀਉ

ਹਾਜ਼ਰ ਸੰਗਤ ਹੋਕੋ ਗਲੇ ਪਾ ਪੱਲੂ,
ਹੱਥ ਬੰਨ੍ਹ ਕੇ ਸੀਸ ਨਿਵਾਂਵਦਾ ਹਾਂ।

ਸ਼ਰਨ ਆਏ ਦੀ ਸ਼ਰਨ ਨੂੰ ਪਾਲ ਦਾਤਾ,
ਕੱਢ ਕੀਰਨੇ ਮਨੋ ਕੁਰਲਾਂਵਦਾ ਹਾਂ।

ਮੇਰੇ ਕਰਮਾਂ ਵਲ ਨ ਵੇਖ ਸਾਂਈਆਂ,
ਭੁੱਲਾਂ ਕੀਤੀਆਂ ਬਹੁਤ ਬਖਸ਼ਾਂਵਦਾ ਹਾਂ।

ਵਿਚ ਸੰਗਤ ਦੇ ਤੇਰੇ ਦੀਦਾਰ ਹੋਵਣ,
ਹਾਜ਼ਰ ਹੋ ਕੇ ਸ਼ਰਣ ਮੰਨਾਂਵਦਾ ਹਾਂ।

ਤੇਰੀ ਮਿਹਰ ਤੋਂ ਕੰਚਨ ਮਨੂਰ ਹੋਵੇ,
ਹੋਵਨ ਫ਼ੈਸਲੇ ਨਹੀਂ ਸਫ਼ਾਈਆਂ ਦੇ।

ਸੰਗਤ ਪ੍ਰੀਤਮ ਦੀ ਪ੍ਰੀਤ ਵਿਚ ਲੀਨ ਹੋ ਜਾ,
ਪ੍ਰੀਤਮ ਵੱਸਦਾ ਪ੍ਰੀਤ ਦੀਆਂ ਜਾਈਆਂ ਦੇ।

**ਪੁਸਤਕ – ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


ਸੰਪਾਦਕ

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ



- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।



**ਚੰਦੇ ਦਾ ਵੇਰਵਾ**

- ਦੇਸ਼: ਇਕ ਕਾਪੀ :15 ਰੁਪਏ
- ਦੇਸ਼ ਸਾਲਾਨਾ ਚੰਦਾ : 150 ਰੁਪਏ
- ਜੀਵਨ ਮੈਂਬਰ ਚੰਦਾ: 1500 ਰੁਪਏ
- ਵਿਦੇਸ਼ : ਸਲਾਨਾ ਚੰਦਾ INR1500
- 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-



ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ;eNo 15-J, uvhrV 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## ਇਸ ਅੰਕ ਵਿਚ


| | |
|---|---|
| ਵਿੱਚ ਸੰਗਤਿ ਹਰਿ ਪ੍ਰਭੁ ਵੱਸੈ ਜੀਉ<br>ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ | ਟਾ-2 |
| ਸੰਪਾਦਕੀ : ਕਰਉ ਬੇਨੰਤੀਆ –<br>ਲੋਕੁ ਕਹੈ ਦਰਵੇਸੁ ਅਤੇ ਕੱਚੀਆਂ-ਪੱਕੀਆਂ ਦੇ ਭਾਅ | 2 |
| ਮਿਤ੍ਰੁ ਅਸਾਡੜੇ ਸੇਈ<br>ਬਬਲੀ ਐਸ ਸਿੰਘ | 4 |
| ਤੁਰਨਾਂ ਬੜਾ ਜ਼ਰੂਰੀ, ਮੇਰੀ ਜਿੰਦੜੀਏ<br>ਮਨਮੋਹਨ ਸਿੰਘ ਦਾਊਂ | 5 |
| ਆਦਰਸ਼ ਸਿਖ, ਦਾਨਵੀਰ ਕਰਨ, ਪੰਥ ਤੇ ਦੇਸ਼ ਹਿਤੈਸ਼ੀ ਅਤੇ ਸਿਰਮੌਰ ਬੈਂਕਰ ਡਾ. ਇੰਦਰਜੀਤ ਸਿੰਘ<br>ਹਰਭਜਨ ਸਿੰਘ ਰਤਨ | 6 |
| ਜੀਵਨ ਦੀ ਸਦਵਰਤੋਂ : ਦਸ਼ਾ ਅਤੇ ਦਿਸ਼ਾ<br>ਡਾ. ਚਮਕੌਰ ਸਿੰਘ | 15 |
| ਰਾਗ ਬਸੰਤ (ਪੂਰਵੀਥਾਟ)<br>ਪ੍ਰੋ. ਰਾਏਦੀਪ ਸਿੰਘ | 19 |
| ਤਿੰਨ ਤਾਲ: ਕਾਇਦਾ ਸੀਰੀਜ਼<br>ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ | ਟਾ-3-4 |


Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027----Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A,Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC :SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

## ਕਰਉ ਬੇਨੰਤੀਆ

# ਲੋਕੁ ਕਹੈ ਦਰਵੇਸੁ ਅਤੇ ਕੱਚੀਆਂ-ਪੱਕੀਆਂ ਦੇ ਭਾਅ

ਪਿਛਲੇ ਮਹੀਨੇ ਮਨਮੋਹਨ ਸਿੰਘ ਦਾਊਂ ਜੀ ਦਾ ਪੱਤਰ ਪ੍ਰਾਪਤ ਹੋਇਆ। ਪੱਤਰ ਕੀ ਸੀ ਮੇਰੀ ਪ੍ਰਸ਼ੰਸਾ ਵਿੱਚ ਉਹਨਾਂ ਨੇ ਬੜੀ ਸੁੰਦਰ ਕਵਿਤਾ ਲਿਖ ਦਿੱਤੀ ਅਤੇ ਮੈਨੂੰ ਭੇਜ ਦਿੱਤੀ। ਆਪਣੀ ਪ੍ਰਸ਼ੰਸਾ ਵਿੱਚ ਲਿਖੀ ਇਹ ਕਵਿਤਾ ਪੜ੍ਹ ਕੇ ਮੈਂ ਤਾਂ ਖੁਸ਼ ਹੋਣਾ ਸੀ। ਇਤਨਾ ਪੜ੍ਹ ਲਿਖ ਕੇ, ਪਾਠ ਕੀਰਤਨ ਕਰਕੇ ਵੀ ਅਜੇ ਖੁਸ਼ੀ ਗ਼ਮੀ ਤੋਂ ਨਿਰਲੇਪ ਰਹਿਣ ਵਾਲੀ ਅਵਸਥਾ ਨਹੀਂ ਆਈ। ਸੱਚੀ ਗੱਲ ਤਾਂ ਇਹ ਹੈ ਕਿ ਅਜੇ ਵੀ ਆਪਣੀ ਅਲੋਚਨਾ ਪੜ੍ਹ ਸੁਣ ਕੇ ਖੁਸ਼ ਨਹੀਂ ਹੁੰਦਾ। ਆਪਣੀ ਪ੍ਰੰਸ਼ਸਾ ਤੇ ਤਾਂ ਖੁਸ਼ ਹੁੰਦਾ ਹੀ ਹਾਂ। ਬਾਬਾ ਫਰੀਦ ਜੀ ਦਾ ਸਲੋਕ ਜ਼ਰੂਰ ਚੇਤੇ ਆ ਜਾਂਦਾ ਹੈ-

ਫਰੀਦਾ ਕਾਲੇ ਮੈਡੇ ਕਪੜੇ ਕਾਲਾ ਮੈਡਾ ਵੇਸੁ ॥<br>
ਗੁਨਹੀ ਭਰਿਆ ਮੈ ਫਿਰਾ ਲੋਕੁ ਕਹੈ ਦਰਵੇਸੁ ॥

ਇਸ ਸੰਦਰਭ ਨਾਲ ਸਬੰਧਤ ਦੋ ਵਾਰਤਾਵਾਂ ਵੀ ਯਾਦ ਆ ਜਾਂਦੀਆਂ ਹਨ।

ਪਹਿਲੀ ਵਾਰਤਾ ਮੈਂ ਸੰਤ ਸੁਜਾਨ ਸਿੰਘ ਜੀ ਦੀ ਇੱਕ ਸੀ ਡੀ ਦੇ ਕੀਰਤਨ ਵਿੱਚ ਸੁਣੀ ਸੀ। ਉਹਨਾਂ ਦਾ ਵਿਆਖਿਆ ਕਰਨ ਦਾ ਢੰਗ ਬੜਾ ਭਾਵਕਤਾ ਵਾਲਾ ਹੈ।

---ਆਖਦੇ ਨੇ ਇੱਕ ਵਾਰ ਭਾਈ ਗੁਰਦਾਸ ਜੀ ਨੂੰ ਵੇਖ ਕੇ ਇੱਕ ਵਿਅਕਤੀ ਨੇ ਕਿਸੇ ਨੂੰ ਪੁੱਛਿਆ ਇਹ ਗੁਰਮੁਖ ਸ਼ਖਸੀਅਤ ਵਾਲਾ ਕੌਣ ਹੈ? ਤਾਂ ਇਹ ਪ੍ਰਸ਼ਨ ਭਾਈ ਗੁਰਦਾਸ ਜੀ ਨੇ ਸੁਣ ਲਿਆ ਤੇ ਉਸ ਨੂੰ ਆਖਣ ਲੱਗੇ। 'ਭਾਈ, ਤੂੰ ਇਸ ਤੋਂ ਕਿਉਂ ਪੁਛਦਾ ਹੈਂ ਕਿ ਮੈਂ ਕੌਣ ਹਾਂ, ਤੂੰ ਮੇਰੇ ਕੋਲੋਂ ਪੁੱਛ, ਮੈਂ ਤੈਨੂੰ ਦਸਦਾ ਹਾਂ ਕਿ ਮੈਂ ਕੌਣ ਹਾਂ।' ਤੇ ਇਹ ਕਹਿੰਦਿਆਂ ਉਹਨਾਂ ਨੇ ਇਹ ਪਉੜੀ ਉਚਾਰੀ-

ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ।<br>
ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ।<br>
ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ।<br>
ਕਾਮ ਕ੍ਰੋਧੁ ਮਦੁ ਲੋਭ ਮੋਹੁ ਅਹੰਕਾਰ ਕਰੰਦਾ।<br>
ਬਿਸਵਾਸਘਾਤੀ ਅਕਿਰਤਘਨ ਮੈ ਕੋ ਨ ਰਖੰਦਾ।<br>
ਸਿਮਰਿ ਮੁਰੀਦਾ ਢਾਢੀਆ ਸਤਿਗੁਰੁ ਬਖਸੰਦਾ ॥

ਇਹ ਕੁਝ ਪੜ੍ਹ ਸੁਣ ਕੇ ਮੈਨੂੰ ਆਪਣੀ ਸਿਫਤ ਸੁਣਨੀ ਜਾਂ ਕਰਨੀ ਭੁੱਲ ਜਾਂਦੀ ਹੈ।

ਜਦੋਂ ਵੀ ਕੋਈ ਮਾਨ ਸਨਮਾਨ ਮਿਲਦਾ ਹੈ ਤਾਂ ਇੱਕ ਹੋਰ ਸਾਖੀ ਯਾਦ ਆ ਜਾਂਦੀ ਹੈ- -ਕੱਚੀਆਂ-ਪੱਕੀਆਂ ਦੇ ਭਾਅ-

ਇਹ ਸਾਖੀ ਮੈਂ ਇੱਕ ਰਾਗੀ ਗਿਆਨੀ ਪ੍ਰਤਾਪ ਸਿੰਘ ਦਰਵੇਸ਼ ਜੋ ਸ੍ਰੀ ਫਤਹਿਗੜ੍ਹ ਸਾਹਿਬ ਕੀਰਤਨ ਕਰਦੇ ਸਨ ਅਤੇ ਮੈਂ ਕੁਝ ਸਮਾਂ ਇਹਨਾਂ ਨਾਲ ਸਹਾਇਕ ਰਾਗੀ ਦੇ ਤੌਰ ਤੇ ਸੇਵਾ ਕਰਦਾ ਰਿਹਾ ਹਾਂ -ਉਹਨਾਂ ਕੋਲੋਂ ਸੁਣੀ ਸੀ। ਉਹ ਗੁਰੂ ਅਰਜਨ ਦੇਵ ਜੀ ਨਾਲ ਸਬੰਧਤ ਇਹ ਸਾਖੀ ਸੁਣਾਉਂਦੇ ਸਨ। ਇਥੇ ਇਹ ਦੱਸਣਾਂ ਜ਼ਰੂਰੀ ਹੈ ਕਿ ਸਾਖੀਆਂ ਬਾਰੇ ਮੇਰੀ ਸਮਝ ਇਹ ਹੈ ਕਿ ਇਹਨਾਂ ਦੀ ਇਤਿਹਾਸਕ ਤਥਾਮਕਤਾ ਬਾਰੇ ਪੱਕੀ ਤਰ੍ਹਾਂ ਕੁਝ ਨਹੀਂ ਕਿਹਾ ਜਾ ਸਕਦਾ। ਉਂਜ ਵੀ ਮੇਰੇ ਵਿਚਾਰ ਅਨੁਸਾਰ ਇਤਿਹਾਸ ਦੀਆਂ ਪੁਸਤਕਾਂ ਵਿੱਚੋਂ ਅਸੀਂ ਜੋ ਘਟਨਾਵਾਂ ਪੜ੍ਹਦੇ ਸੁਣਦੇ ਹਾਂ ਉਹਨਾਂ ਦੀ ਸੱਚਾਈ ਬਾਰੇ ਵਾਦਵਿਵਾਦ ਕਰਨ ਵਿੱਚ ਸਮਾਂ ਨਸ਼ਟ ਕਰਨ ਨਾਲੋਂ ਉਹਨਾਂ ਦੀ ਸਾਹਿਤਿਕ ਤੌਰ ਵਿਆਖਿਆ ਕਰਕੇ ਵਰਤਮਾਨ ਲਈ ਕੋਈ ਪ੍ਰੇਰਨਾ ਹਾਸਲ ਕਰਨੀ ਚਾਹੀਦੀ ਹੈ। ਗੁਰਬਾਣੀ ਵਿੱਚ ਇਤਿਹਾਸ ਅਤੇ ਮਿਥਿਹਾਸ ਦੀਆਂ ਘਟਨਾਵਾਂ ਨੂੰ ਇਸੇ ਤਰਾਂ ਹੀ ਅੰਕਿਤ ਕੀਤਾ ਗਿਆ ਹੈ। -----ਖੈਰ, ਗਿਆਨੀ ਪ੍ਰਤਾਪ ਸਿੰਘ ਜੀ ਦਾ ਸਾਖੀ ਸੁਣਾਉਣ ਦਾ ਢੰਗ ਵੀ ਬੜਾ ਆਕਰਸ਼ਕ ਸੀ। ਉਹ ਸੁਣਾਉਂਦੇ ਸਨ- ਜਦੋਂ ਗੁਰੂ ਅਰਜਨ ਦੇਵ ਜੀ ਲਾਹੌਰ ਗਏ ਤਾਂ ਉਥੋਂ ਦੇ ਇੱਕ ਸਿੱਖ ਨੇ ਉਹਨਾਂ ਨੂੰ ਆਪਣੇ ਘਰ ਬੁਲਾ ਕੇ ਲੰਗਰ ਛਕਣ ਲਈ ਬੇਨਤੀ ਕੀਤੀ। ਇਸ ਸਿੱਖ ਦਾ ਨਾਂ ਸ਼ਾਇਦ ਭਾਈ ਬੁਧੂ ਸੀ ਅਤੇ ਇਸ ਦੇ ਇੱਟਾਂ ਪਕਾਉਣ ਦਾ ਭੱਠਾ ਸਨ ਜਿਸ ਨੂੰ 'ਆਵਾ' ਕਿਹਾ ਜਾਂਦਾ ਸੀ। ਇਹ ਜਦੋਂ ਲੰਗਰ ਤਿਆਰ ਕਰ ਰਿਹਾ ਸੀ ਤਾਂ ਇੱਕ ਭਿਖਾਰੀ ਨੇ ਆ ਕੇ ਰੋਟੀ ਮੰਗੀ ਪਰ ਇਸ ਨੇ ਉਸ ਨੂੰ ਰੋਟੀ ਨਾ ਦਿੱਤੀ। ਜਦੋਂ ਗੁਰੂ ਜੀ ਅਤੇ ਨਾਲ ਦੀ ਸੰਗਤ ਨੇ ਲੰਗਰ ਛਕ ਲਿਆ ਤਾਂ ਅਰਦਾਸੀਏ ਸਿੱਖ ਨੇ ਅਰਦਾਸ ਕੀਤੀ ਕਿ ਭਾਈ ਬੁੱਧੂ ਦਾ ਆਵਾ ਪੱਕ ਜਾਵੇ ਕਿਉਂ ਜੁ ਬਾਰਸ਼ਾਂ ਦੇ ਮੌਸਮ ਵਿੱਚ ਆਮ ਤੌਰ ਆਵਾ ਨਹੀਂ ਸੀ ਪੱਕਦਾ। ਆਖਦੇ ਹਨ ਜਦੋਂ ਅਰਦਾਸੀਆ ਅਰਦਾਸ ਕਰਦਾ ਕਿ - 'ਹੇ ਨਿਰੰਕਾਰ ਭਾਈ ਬੁੱਧੂ ਦਾ ਆਵਾ ਪੱਕ ਜਾਵੇ' ਉਦੋਂ ਬਾਹਰੋਂ ਉੱਚੀ ਆਵਾਜ਼ ਆਉਂਦੀ 'ਆਵਾ ਨਹੀਂ ਜੇ ਪੱਕਣਾ'। ਇੰਜ ਦੋ ਤਿੰਨ ਵਾਰ ਹੋਇਆ ਤਾਂ ਗੁਰੂ ਜੀ ਨੇ ਪੁੱਛਿਆ ਕਿ ਇਹ ਕੌਣ ਹੈ ਜੋ ਇੰਜ ਆਵਾਜ਼ ਲਗਾ ਰਿਹਾ। ਤਾਂ ਭਾਈ ਬੁੱਧੂ ਨੇ ਦੱਸਿਆ ਕਿ ਇਹ ਇੱਕ ਭਿਖਾਰੀ ਹੈ। ਤਾਂ ਗੁਰੂ ਜੀ ਨੇ ਕਿ ਭਾਈ

ਬੁਧੂ ਤੇਰਾ ਆਵਾ ਤਾਂ ਨਹੀਂ ਪੱਕਣਾ ਕਿਉਂਕਿ ਉਸ ਭਿਖਾਰੀ ਦੇ ਬੋਲ ਤਾਂ ਪੂਰੇ ਹੋਣਗੇ। ਭਾਈ ਬੁਧੂ ਨੇ ਪੁਛਿਆ 'ਮਹਾਰਾਜ, ਤੁਹਾਡੇ ਵੱਲੋਂ ਕੀਤੀ ਅਰਦਾਸ ਦਾ ਕੋਈ ਫਲ ਪ੍ਰਾਪਤ ਨਹੀਂ ਹੋਵੇਗਾ? ਤਾਂ ਗੁਰੂ ਜੀ ਨੇ ਕਿਹਾ ਕਿ ਇਸ ਸਾਲ ਬਾਰਸ਼ਾਂ ਹੋ ਰਹੀਆਂ ਹਨ ਅਤੇ ਤੇਰੀਆਂ ਕੱਚੀਆਂ ਇੱਟਾਂ ਪੱਕੀਆਂ ਦੀ ਕੀਮਤ ਤੇ ਵਿੱਕ ਜਾਣਗੀਆਂ।'ਉਦੋਂ ਤੋਂ ਗੁਰਮਤਿ ਦੀਵਾਨਾਂ ਵਿੱਚ 'ਕੱਚੀਆਂ- ਪੱਕੀਆਂ ਦੇ ਭਾਅ' ਦਾ ਮੁਹਾਵਰਾ ਪ੍ਰਚਲਤ ਹੋ ਗਿਆ ਜਾਪਦਾ ਹੈ।

----ਤੇ ਮੈਨੂੰ ਵੀ ਜਾਪਦਾ ਹੈ ਕਿ ਇਹ ਮੇਰੇ ਮਾਨ ਸਨਮਾਨ - 'ਕੱਚੀਆਂ- ਪੱਕੀਆਂ ਦੇ ਭਾਅ'- ਵਾਲੇ ਹੀ ਹਨ।

ਮਨਮੋਹਨ ਸਿੰਘ ਦਾਉਂ ਜੀ ਮੇਰੇ ਪੁਰਾਣੇ ਮਿੱਤਰ ਹਨ। ਉਹ ਮੇਰੀਆਂ ਖੂਬੀਆਂ ਅਤੇ ਖਾਮੀਆਂ ਤੋਂ ਭਲੀ ਭਾਂਤ ਵਾਕਿਫ ਹਨ। ਪਰ ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ 'ਸਾਝ ਕਰੀਜੈ ਗੁਣਹ ਕੇਰੀ ਛੋਡਿ ਅਵਗਣ ਚਲੀਐ' ਨੂੰ ਆਤਮਸਾਤ ਕੀਤਾ ਹੋਇਆ ਹੈ ਇਸ ਲਈ ਉਹ ਕੇਵਲ ਮੇਰੇ ਗੁਣਾਂ ਵੱਲ ਧਿਆਨ ਦਿੰਦੇ ਹਨ। ਇਸੇ ਕਰਕੇ ਉਹਨਾਂ ਨੇ ਮੇਰੇ ਬਾਰੇ ਇਹ ਕਵਿਤਾ ਇਸ ਕਥਨ ਨਾਲ -'ਅੰਮ੍ਰਿਤ ਕੀਰਤਨ' ਘਰ ਦੀਆਂ ਬਰੂਹਾਂ 'ਤੇ ਚਾਨਣ ਕਰ ਦੇਂਦਾ ਹੈ- ਲਿਖ ਕੇ ਭੇਜੀ ਹੈ' ਉਹਨਾਂ ਦਾ ਧੰਨਵਾਦ ਕਰਦਿਆਂ ਪੇਸ਼ ਹੈ -ਕਵਿਤਾ-

ਸੁਰੀਲੀ ਗਾਇਨ ਸ਼ੈਲੀ ਦਾ ਮੁਰੀਦ-ਡਾ ਜਾਗੀਰ ਸਿੰਘ

(ਸ਼ਬਦ ਚਿੱਤਰ)

ਕੋਈ ਜ਼ਮੀਨ ਦੀ ਜਾਇਦਾਦ ਲੋੜੇ  ਕੋਈ ਧਨ ਦੌਲਤਾਂ ਜੋੜੇ
ਕੋਈ ਜਗੀਰਾਂ ਦੀ ਹੋੜ ਦੌੜੇ  ਪਰ ਵਿਰਾਸਤ ਸਾਂਭਣ ਦੀ ਤਲਬ ਖਾਤਰ
ਪਿਤਾ ਪੁਰਖੀ ਰਾਗ ਦੀ ਉਸਤਤ ਖਾਤ  'ਉੱਤਮ' ਪਿਤਾ ਦੀ ਯਾਦ ਕੌਣ ਨਿਹਾਰੇ
ਪ੍ਰਭ ਅੱਗੇ ਅਰਦਾਸ ਕਰਦਾ  ਸਪੁੱਤਰ ਅਰਜੋਈ ਕਰਦਾ
ਪਿਤਾ ਦੀ ਹੁੰਨਰੀ ਡੰਗੋਰੀ ਹੱਥ ਫੜਦਾ  ਔਹ ਕੋਈ ਰਾਗ ਬਣ ਬੈਠਾ
ਜਾਗੀਰ ਸਿੰਘ ਸ਼੍ਰੋਮਣੀ ਰਾਗੀ ਅਨਾਦੀ।

ਕਰੀ ਤੱਪਸਿਆ ਤੇ ਸਾਧਨਾ ਲੰਮੀ  ਸਿੱਖਿਆ ਦੀ ਸੰਸਥਾ ਦੀਆਂ
ਉਪਾਧੀਆਂ ਗ੍ਰਹਿਣ ਕਰੀਆਂ  'ਅੰਮ੍ਰਿਤ ਕੀਰਤਨ' ਉਦੈ ਹੋਇਆ
ਰਿਆਜ਼ ਦੀਆਂ ਪੌੜੀਆਂ ਚੜ੍ਹੀਆਂ  ਦਿਵਸ-ਰੈਣ ਚਾਨਣੀਆਂ ਕਰੀਆਂ
ਸ਼ਬਦ ਰੂਹ ਦੀ ਖੁਰਾਕ ਬਣਿਆ  ਜੋ ਵੀ ਮਿਲਿਆ ਉਸ ਤੋਂ
ਗਿਆਨ ਗੰਗਾ ਸਾਗਰ ਭਰਿਆ। ਸਾਜ਼ ਆਵਾਜ਼ ਜਦੋਂ ਇੱਕ ਹੋਏ
ਇਲਾਹੀ ਰਾਗ ਬਣ ਖਿੜਿਆ।

ਬੋਲਾਂ ਦੀ ਸ਼ੁੱਧਤਾ ਤੇ  ਸ਼ਬਦਾਂ ਦੀ ਪ੍ਰਬੁੱਧਤਾ
ਉਸ ਦੇ ਰਾਗ ਸੰਗ-ਸੰਗ ਜੁੜਿਆ  ਕੀਰਤਨ ਦੀ ਧੁਨ ਜਦੋਂ
ਉਸ ਦੇ ਹੋਠਾਂ 'ਚੋਂ ਉਪਜੇ  ਪੌਣਾਂ ਥਰ-ਥਰਾਵਣ
ਅਗੰਮੀ-ਅਨੰਦ ਖਿੜ ਜਾਵੇ  ਸੂਫੀ ਦਸਤਾਰ,ਪ੍ਰਕਾਸ਼ ਦਾੜ੍ਹੀ
ਨੂਰਾਨੀ ਰੰਗ 'ਚ ਘੁਲ ਮਿਲ ਜਾਵੇ

ਸਹਿਜ-ਸਹਿਜ, ਬੋਲ-ਬੋਲ, ਸ਼ਬਦ-ਸ਼ਬਦ
ਰੂਹ ਥੀਂ ਕੰਠ ਹੋ ਜਾਵੇ, ਚੁਫੇਰਾ ਮਹਿਕ ਜਾਵੇ।

ਗੁਰੂ ਬਾਣੀ, ਬਾਣੀ -ਗੁਰੂ ਬਣ ਜਾਵੇ  ਮੁਗਧ ਹੋਇਆ ਮੁਰੀਦ ਪਿਆਰਾ
ਡਾ ਜਾਗੀਰ ਸਿੰਘ ਗਾਵੇ  ਮੇਰੇ ਮਨ ਨੂੰ ਭਾਵੇ----।

**ਭੁੱਲ ਚੁੱਕ ਖਿਮਾ**

## ਮਿਤ੍ਰ ਅਸਾਡੜੇ ਸੇਈ

.... ਅਜ ਤੁਹਾਡੇ ਮਾਤਾ ਜੀ ਬਾਰੇ ਸਾਰਾ ਆਰਟੀਕਲ ਪੜ੍ਹਿਆ। ਇਕ ਮਹਾਨ ਆਤਮਾ, ਸੰਤ ਸਰੂਪ....ਕਿਉਂਕਿ ਮੈਂ ਮੰਨਦੀ ਹਾਂ ਜੀ ਕਿ ਸੰਤ ਸਿਰਫ ਉਹ ਨਹੀਂ ਜੋ ਗਦੀ ਤੇ ਬਹਿਕੇ ਕਥਾ ਕਰਨ ਜਾਂ ਫਿਰ ਪਾਠ ਤਪਸਿਆ ਤੇ ਸੰਗਤ ਦੀ ਸ਼ਰਧਾ, ਪਿਆਰ ਲੈ ਕੇ ਸਚਾ ਮਾਰਗ ਦਿਖਾਣ।

ਮੇਰੇ ਖਿਆਲ ਉਹ ਵੀ ਪੂਰਨ ਸੰਤ ਸਰੂਪ ਹੈ ਜੋ "ਆਪ ਜਪੈ ਅਵਰਾ ਨਾਮ ਜਪਾਵੈ " ਤੇ ਆਪਣੇ ਹਥੀਂ ਗੁਰੂ ਘਰ ਦੀ ਸੇਵਾ, ਦਿਨ ਦੁਖੀ ਦੀ ਸੇਵਾ ਕਰਦੇ ਰਹਿਣ। ਸਾਡੇ ਸੰਸਕਾਰ, ਅਸਲੀ ਆਚਰਣ...ਵਿਉਹਾਰ ਸਾਡੇ ਆਪਣੇ ਘਰ ਦੇ ਅੰਦਰ ਹੀ ਅਸਲੀ ਹੁੰਦਾ ਹੈ। ਗੇਟ ਤੋਂ ਬਾਹਰ ਨਿਕਲ ਕੇ ਤਾਂ ਸਾਰੇ ਹੀ ਮਹਾਨ ਤੇ ਪਰਉਪਕਾਰੀ ਬਣਕੇ ਦਿਖਾਂਦੇ ਹਨ ਜੀ। ਮਾਤਾ ਜੀ ਦੀ ਪਰਿਵਾਰ ਲਈ ਕੀਤੀ ਮਿਹਨਤ, ਸੇਵਾ, ਅਦਬ ਸਤਿਕਾਰ ਤੇ ਬਾਣੀ ਨਾਲ ਸਚਾ ਪਿਆਰ, ਫਤਹਿਗੜ ਸਾਹਿਬ ਗੁਰਦੁਆਰੇ ਨਾਲ ਅਟੁਟ ਪਿਆਰ ਭਰਿਆ ਰਿਸ਼ਤਾ, ਜੋ ਉਹਨਾਂ ਅੰਤ ਤਕ ਨਿਭਾਇਆ..".ਝਖੜ ਝਾਂਗੀ ਮੀਂਹ ਵਰਸਣ ਭੀ ਗੁਰ ਦੇਖਣੁ ਜਾਈ"।।

ਉਹਨਾਂ ਦੀ ਨਿਮਰਤਾ ਤੇ ਸੇਵਾ, ਇਹ ਸਭ ਇਕ ਸੰਤ ਸਰੂਪ ਕੋਲ ਹੀ ਹੋ ਸਕਦੇ ਹਨ। ਤੁਸੀਂ ਸੁਭਾਗੇ ਹੋ।ਜੋ ਐਸੀ ਮਾਤਾ ਜੀ ਦੇ ਘਰ ਜਨਮ ਲਿਆ ਤੇ ਅਜ ਦੁਨੀਆਂ ਵਿਚ ਅੰਮ੍ਰਿਤ ਵਰਸ਼ਾ ਰਹੇ ਹੋ।

ਮਾਂ ਇਸ ਸੰਸਾਰ ਤੋਂ ਜਾਕੇ ਵੀ ਕਦੀ ਵੀ ਸਾਡੇ ਤੋਂ ਵਿਛੜਦੀ ਨਹੀਂ।ਸਰੀਰਕ ਤੌਰ ਤੇ ਜਰੂਰ ਸਾਡੇ ਤੋਂ ਦੂਰ ਚਲੀ ਜਾਂਦੀ ਹੈ, ਪਰ ਉਹ ਸਦਾ ਸਾਡੇ ਦਿਲ ਵਿਚ, ਯਾਦਾਂ ਵਿਚ ਜਿੰਦਾ ਰਹਿੰਦੀ ਹੈ।ਮਾਂ ਸਦਾ ਸਾਡੇ ਨਾਲ ਰਹਿੰਦੀ ਹੈ ਤੇ ਸਾਡੇ ਹਰ ਦੁਖ, ਉਤਰਾਅ ਚੜਾਅ ਵਿਚ ਸਾਨੂੰ ਸਹਾਰਾ ਦਿੰਦੀ ਤੇ ਸਹੀ ਮਾਰਗ ਦਿਖਾਂਦੀ ਹੈ।ਉਸਦੇ ਸੰਸਕਾਰ ਸਾਡੇ ਖੂਨ ਦੇ ਵਿਚ ਚਲਦੇ ਹਨ ਤੇ ਦਿਲ ਦੇ ਵਿਚ ਪਲਦੇ ਹਨ।ਇਕ ਨੇਕ ਮਾਂ ਦੇ ਸੁਚੇ ਸੰਸਕਾਰ ਸਾਨੂੰ ਇਕ ਉਚੇ ਆਚਰਣ ਦਾ ਵਰਦਾਨ ਦਿੰਦੇ ਹਨ।

ਬੇਸ਼ਕ ਉਹ ਸਾਨੂੰ ਨਜ਼ਰ ਨਹੀਂ ਆਂਦੀ ਪਰ ਉਸਦੀ ਮੌਜੂਦਗੀ ਸਾਡੇ ਦਿਲ ਵਿਚ, ਜ਼ਿੰਦਗੀ ਵਿਚ ... ਸਦਾ ਹੀ ਬਣੀ ਰਹਿੰਦੀ ਹੈ। ਤੇ ਫਿਰ ਪਿਆਰੀ ਮਾਂ ਸਦਾ ਲਈ ਸਾਡੇ ਦਿਲ ਵਿਚ ਰਹਿਣ ਲਗ ਜਾਂਦੀ ਹੈ। ਸਾਡੇ ਛੋਟੇ ਜਿਹੇ ਸੰਸਾਰ ਵਿਚ ਉਸਦਾ ਅਸੀਮ ਪਿਆਰ, ਇਕ ਆਸ਼ੀਰਵਾਦ ਬਣ ਕੇ ਸਦਾ ਲਈ ਵਸ ਜਾਂਦਾ ਹੈ।

**ਅੱਜ ਫਿਰ ਤੇਰੀ ਯਾਦ ਆਈ**

9 ਜਨਵਰੀ ਫਿਰ ਆ ਗਈ, ਤੇਰਾ ਵਿਛੜਨਾ ਯਾਦ ਕਰਾ ਗਈ ।।
ਤੂੰ ਯਾਦ ਤਾਂ ਸਦਾ ਹੀ ਆਂਦੀ ਹੈਂ, ਕਦੀ ਹੱਸਦੀ ਹੈਂ, ਮੁਸਕੁਰਾਂਦੀ ਹੈਂ।
ਤੇਰੇ ਅੰਦਰ ਦੁਖ ਪਏ ਪਲਦੇ ਸਨ,ਉਹਨਾਂ ਦੁਖਾਂ ਤੋਂ ਛੁਟਕਾਰਾ ਪਾ ਗਈ ।
ਖੁਦ ਪਿਆਰ ਦਾ ਇਕ ਤੂੰ ਸੋਮਾ ਸੈਂ, ਮਮਤਾ ਦਾ ਇਕ ਤੂੰ ਸਾਗਰ ਸੈਂ।
ਤੇਰੇ ਅੰਦਰ ਨੂੰ ਕੋਈ ਨ ਜਾਣ ਸਕਿਆ, ਤੇਰੇ ਸੱਚ ਨੂੰ ਨਾਂ ਕੋਈ ਪਛਾਣ ਸਕਿਆ।
ਇਕ ਪਿਆਸੀ ਰੂਹ ਨੂੰ ਭੁਖ ਸੀ ਪਿਆਰ ਦੀ, ਪਰਾਇਆਂ ਨੂੰ ਵੀ ਆਪਣਾ ਬਣਾ ਗਈ।
ਤੂੰ ਸਚਾਈ ਦੀ ਇਕ ਮੂਰਤ ਸੈਂ, ਤਾਂ ਹੀ ਤਾਂ ਰਬ ਤੈਨੂੰ ਲੈ ਗਿਆ,
ਤੇਰੀ ਸਚਾਈ ਰਬ ਨੂੰ ਭਾ ਗਈ.. ਮਿਤ੍ਰ ਪਿਆਰੇ ਨੂੰ ਹਾਲ ਤੂੰ ਸੁਣਾਂਦੀ ਸੈਂ,
ਤੂੰ ਭੋਲੀ ਸੈਂ ਬੜੀ ਪਿਆਰੀ ਸੈਂ, ਤੂੰ ਉਹਦੀਆਂ ਨਜ਼ਰਾਂ ਵਿਚ ਸਚੀ ਸੈਂ।
ਉਹ ਨੇੜੇ ਹੋਕੇ ਸੁਣਦਾ ਰਿਹਾ ।ਕਲ ਰਾਤ ਤੂੰ ਕਿਹਾ ਉਹਨੂੰ.. ਤੂੰ ਬੜੀ ਥੱਕ ਗਈ ਸੈਂ,
ਉਹਦੀ ਸਵਾਰੀ ਅਜ ਹੀ ਤੈਨੂੰ ਲੈਣ ਆ ਗਈ ।ਕੋਈ ਪਤਾ ਠਿਕਾਣਾ ਦਸ ਜਾਂਦੀ,
ਮੈਂ ਕਦੀ ਕਦੀ ਮਿਲਣ ਹੀ ਆ ਜਾਂਦੀ।ਹੁਣ ਤਾਂ ਸੁਫ਼ਨਿਆਂ ਵਿਚ ਹੀ ਤੂੰ ਮਿਲਦੀ ਹੈਂ।
ਗਲਵਕੜੀ ਵਿਚ ਲੈਣਾ ਚਾਹੁੰਦੀ ਹਾਂ, ਮੇਰੇ ਹਥ ਨਹੀਂ ਆਂਦੀ ਕਦੀ ਵੀ ਤੂੰ।
ਅਖਾਂ ਥਕ ਗਈਆਂ ਨੇ ਰੋ ਰੋ ਕੇ, ਮੇਰੀ ਕੰਬਦੀ ਰਹੇ ਕਲਾਈ।
ਤੂੰ ਤੇ, ਜਾ ਬੈਠੀ ਹੈਂ ਦਾਤੇ ਕੋਲ,
ਮੈਂ ਮੰਨ ਲਿਆ ਹੁਕਮ ਰਜ਼ਾਈ ...................ਕਲਾ ਇਕ ਸਾਧਨਾ ਹੈ।ਇਕ ਤਪੱਸਿਆ... ਸਚੀ ਤੇ ਸੁਚੀ ਤਪੱਸਿਆ। ਕਲਾਕਾਰ ਦੀਆਂ ਕੋਮਲ ਭਾਵਨਾਵਾਂ ... ਆਤਮਿਕ ਸੁੰਦਰਤਾ ਦੀਆਂ ਪੁਜਾਰੀ ਹੁੰਦੀਆਂ ਹਨ।ਦੁਨੀਆਂ ਦੇ ਛਲਾਵੇ, ਉਸਨੂੰ ਬਾਰ ਬਾਰ ਤੋੜਦੇ ਹਨ। ਉਸਦੇ ਕੋਮਲ ਜਜ਼ਬਾਤਾਂ ਨੂੰ ਕੁਚਲਦੇ ਹਨ।ਕੁਦਰਤ ਤੇ ਕਾਦਰ... ਉਸਦੀ ਰਹਿਨੁਮਾਈ ਕਰਦੇ ਹਨ। ਕਲਾਕਾਰ ਦੀ ਭਾਵੁਕਤਾ, ਉਸਦੀ ਕਲਾ ਦੀ ਸਿਰਜਨਾ ਕਰਦੀ ਹੈ। ਉਸਦੀਆਂ ਭਾਵਨਾਵਾਂ ਹੀ, ਉਸਦੀ ਕਲਾ ਨੂੰ ਇਕ

ਸਾਕਾਰ ਰੂਪ ਦਿੰਦੀਆਂ ਹਨ। ਮੰਜ਼ਿਲ ਦੀ ਭਾਲ ਵਿੱਚ ... ਕਲਾਕਾਰ ਦੀ ਹਰ ਸੋਚ ਤੋਂ ਇਕ ਕਲਾਕ੍ਰਿਤੀ ਜਨਮ ਲੈਂਦੀ ਹੈ ।ਅਤੇ ਉਸਦੇ ਦਿਲ ਦੀ ਹਰ ਚੀਸ, ਇਕ ਨਵੀਂ ਕਵਿਤਾ ਨੂੰ ਜਨਮ ਦਿੰਦੀ ਹੈ।

ਮਾਤਾ ਜੀ ਦੀ ਮਹਾਨ ਆਤਮਾ ਦੇ ਆਸ਼ੀਰਵਾਦ ਨਾਲ ਹੀ ਇਹ ਭਾਵੁਕਤਾ ਭਰੀ ਸ਼ਰਧਾਂਜਲੀ ਹਰ ਮਾਂ ਲਈ ਲਿਖੀ ਗਈ, ਮੇਰੇ ਤੋਂ। ਹਰ ਅੱਖਰ ਵਾਹਿਗੁਰੂ ਆਪ ਲਿਖਵਾਉਂਦੇ ਹਨ। ਸਾਡੇ ਜਨਮ ਲੈਂਦਿਆਂ ਹੀ ਮਾਂ ਸਾਡੀ ਸਭ ਤੋਂ ਪਹਿਲੀ ਦੋਸਤ ਹੁੰਦੀ ਹੈ। ਤੇ ਫਿਰ ਸਾਰੀ ਉਮਰ, ਆਖ਼ਰੀ ਦਮ ਤਕ ਮਾਂ ਇਕ ਵਫ਼ਾਦਾਰ ਦੋਸਤੀ ਨਿਭਾਂਦੀ ਹੈ।

ਮਾਂ ਇਸ ਸੰਸਾਰ ਤੋਂ ਜਾ ਕੇ ਵੀ ਕਦੀ ਵੀ ਸਾਡੇ ਤੋਂ ਵਿਛੜਦੀ ਨਹੀਂ।ਸਰੀਰਕ ਤੌਰ ਤੇ ਜਰੂਰ ਸਾਡੇ ਤੋਂ ਦੂਰ ਚਲੀ ਜਾਂਦੀ ਹੈ, ਪਰ ਉਹ ਸਦਾ ਸਾਡੇ ਦਿਲ ਵਿਚ, ਯਾਦਾਂ ਵਿਚ ਜਿੰਦਾ ਰਹਿੰਦੀ ਹੈ।ਮਾਂ ਸਦਾ ਸਾਡੇ ਨਾਲ ਰਹਿੰਦੀ ਹੈ ਤੇ ਸਾਡੇ ਹਰ ਦੁਖ, ਉਤਰਾਅ ਚੜਾਅ ਵਿਚ ਸਾਨੂੰ ਸਹਾਰਾ ਦਿੰਦੀ ਤੇ ਸਹੀ ਮਾਰਗ ਦਿਖਾਂਦੀ ਹੈ।ਉਸਦੇ ਸੰਸਕਾਰ ਸਾਡੇ ਖ਼ੂਨ ਦੇ ਵਿਚ ਚਲਦੇ ਹਨ ਤੇ ਦਿਲ ਦੇ ਵਿਚ ਪਲਦੇ ਹਨ।ਇਕ ਨੇਕ ਮਾਂ ਦੇ ਸੁਚੇ ਸੰਸਕਾਰ ਸਾਨੂੰ ਇਕ ਉਚੇ ਆਚਰਣ ਦਾ ਵਰਦਾਨ ਦਿੰਦੇ ਹਨ।

ਬੇਸ਼ਕ ਉਹ ਸਾਨੂੰ ਨਜ਼ਰ ਨਹੀਂ ਆਂਦੀ ਪਰ ਉਸਦੀ ਮੌਜੂਦਗੀ ਸਾਡੇ ਦਿਲ ਵਿਚ, ਜ਼ਿੰਦਗੀ ਵਿਚ ... ਸਦਾ ਹੀ ਬਣੀ ਰਹਿੰਦੀ ਹੈ। ਤੇ ਫਿਰ ਪਿਆਰੀ ਮਾਂ ਸਦਾ ਲਈ ਸਾਡੇ ਦਿਲ ਵਿਚ ਰਹਿਣ ਲਗ ਜਾਂਦੀ ਹੈ। ਸਾਡੇ ਛੋਟੇ ਜਿਹੇ ਸੰਸਾਰ ਵਿਚ ਉਸਦਾ ਅਸੀਮ ਪਿਆਰ, ਇਕ ਆਸ਼ੀਰਵਾਦ ਬਣ ਕੇ ਸਦਾ ਲਈ ਵਸ ਜਾਂਦਾ ਹੈ।

Babli S Singh
M.9878316640

# ਤੁਰਨਾਂ ਬੜਾ ਜ਼ਰੂਰੀ, ਮੇਰੀ ਜਿੰਦੜੀਏ

**ਮਨਮੋਹਨ ਸਿੰਘ ਦਾਊਂ**

ਮੇਰੇ ਰਾਮ ਜੀਓ ਕਰੋ ਕਿਰਪਾ ਉੱਠ ਤੁਰੀਏ
ਅੱਲ੍ਹਾ ਬਰਸੈ ਚਿੱਕੜ-ਚਿਕੜੀ ਰਾਹਾਂ ਉੱਤੇ
ਸੰਭਲ ਸੰਭਲ ਪਬ ਧਰੀਏ।ਤੁਰਨਾ ਬੜਾ ਜ਼ਰੂਰੀ, ਮੇਰੀ ਜਿੰਦੜੀਏ।

ਮੇਰੇ ਰਾਮ ਜੀਓ ਦੀਨ ਦਿਆਲੂ ਜੀਓ
ਜੋਬਨ ਦੀ ਰੁੱਤ ਹਾਕਾਂ ਮਾਰੇ ਪੌਣ ਸੁਗੰਧੜੀ ਸਾਹੀਂ ਭਰੀਏ।
ਤੁਰਨਾ ਬੜਾ ਜ਼ਰੂਰੀ, ਮੇਰੀ ਜਿੰਦੜੀਏ।

ਮੇਰੇ ਰਾਮ ਜੀਓ ਸੁੱਖ ਦਾਤਾ ਜੀਓ ਕਦਮ-ਕਦਮ 'ਤੇ ਕੂੜ ਪਸਰਿਆ
ਦੇਵੋ ਸ਼ਕਤੀ ਭਵ ਸਾਗਰ ਤਰੀਏ।ਤੁਰਨਾ ਬੜਾ ਜ਼ਰੂਰੀ, ਮੇਰੀ ਜਿੰਦੜੀਏ।

ਮੇਰੇ ਰਾਮ ਜੀਓ ਵੱਡ ਦਾਤਾ ਜੀਓ
ਵਿਲਕਣ ਬੱਚੇ, ਮਾਵਾਂ ਰੁੰਨੀਆਂ ਵਿਹੜੇ ਸੁੰਨੇ ਮਿੱਟੀ ਆਖੇ
ਮੁੜ ਆ ਜਾਵਣ ਪੁੱਤਰ ਘਰੀਏ।ਤੁਰਨਾ ਬੜਾ ਜ਼ਰੂਰੀ, ਮੇਰੀ ਜਿੰਦੜੀਏ।

ਮੇਰੇ ਰਾਮ ਜੀਓ ਪੁਰਖ ਵਿਧਾਤਾ ਜੀਓ
ਜੀਵਨ ਵਡਮੁੱਲਾ ਸੁੱਖਾਂ -ਲੋੜ੍ਹੇ ਬੁੱਕੀਂ ਤਿਲ ਥੋੜ੍ਹੇ-ਥੋੜ੍ਹੇ
ਚਾਨਣ-ਚਾਨਣ ਰਾਹੀਂ ਕਰੀਏ।ਤੁਰਨਾ ਬੜਾ ਜ਼ਰੂਰੀ ਮੇਰੀ ਜਿੰਦੜੀਏ।।

**ਮੋ-98151 23900**

# ਆਦਰਸ਼ ਸਿਖ, ਦਾਨਵੀਰ ਕਰਨ, ਪੰਥ ਤੇ ਦੇਸ਼ ਹਿਤੈਸ਼ੀ ਅਤੇ ਸਿਰਮੌਰ ਬੈਂਕਰ
# ਡਾ. ਇੰਦਰਜੀਤ ਸਿੰਘ

**ਹਰਭਜਨ ਸਿੰਘ ਰਤਨ**

ਸਿਖ ਕੌਮ ਵਿਚ, ਭਾਰਤ ਜਾਂ ਭਾਰਤ ਤੋਂ ਬਾਹਰ ਕਿਸੇ ਦੇਸ਼ ਵਿਚ ਵੀ ਰਹਿੰਦਾ ਸ਼ਾਇਦ ਹੀ ਕੋਈ ਅਜਿਹਾ ਸਿੱਖ ਹੋਵੇ, ਜਿਸ ਨੇ ਪਿਛਲੇ ਪੰਜਾਹ ਸਾਲਾਂ ਵਿਚ ਡਾ. ਇੰਦਰਜੀਤ ਸਿੰਘ ਦਾ ਸ਼ੁਭ ਨਾਮ ਨਾ ਸੁਣਿਆ ਹੋਵੇ ਅਤੇ ਇਹ ਨਾਮ ਲੈਂਦਿਆਂ ਹੀ ਇਨ੍ਹਾਂ ਦੀ ਛਤਰ ਛਾਵੇਂ, ਇਕ ਬੱਚੇ ਤੋਂ ਜੁਆਨ ਹੋਏ, ਪੰਜਾਬ ਐਂਡ ਸਿੰਧ ਬੈਂਕ ਦਾ ਨਾਮ ਵੀ ਸਭ ਨੂੰ ਯਾਦ ਆ ਜਾਂਦਾ ਹੈ। ਭਾਵੇਂ ਇਹ ਬੈਂਕ ਹੋਰ ਕਿਤਨੀ ਹੀ ਤਰੱਕੀ ਕਰ ਜਾਵੇ, ਤੇ ਸਰਕਾਰੀ ਬਣ ਜਾਣ ਪਿਛੋਂ ਕਿੰਨੇ ਹੀ ਹੋਰ ਚੇਅਰਮੈਨ ਆਣ ਜਾਂ ਜਾਣ, ਇਸ ਦੇ ਇਤਿਹਾਸ ਵਿਚ ਸ੍ਰ. ਇੰਦਰਜੀਤ ਸਿੰਘ ਦਾ ਨਾਮ ਹਮੇਸ਼ਾਂ ਸੁਨਹਿਰੀ ਅਖਰਾਂ ਵਿਚ ਚਮਕਦਾ ਰਹੇਗਾ, ਕਿਉਂਕਿ ਇਹ ਨਾਮ ਆਪਣੀ ਅਮਿਟ ਛਾਪ ਛਡ ਗਿਆ ਹੈ, ਜਿਸ ਨੂੰ ਕੋਈ ਮਿਟਾ ਨਹੀਂ ਸਕਦਾ, ਅਤੇ ਜਿਸ ਨੂੰ ਆਣ ਵਾਲੀਆਂ ਨਸਲਾਂ ਹਮੇਸ਼ਾਂ ਯਾਦ ਰਖਣਗੀਆਂ।

ਪੰਜਾਬ ਐਂਡ ਸਿੰਧ ਬੈਂਕ, ਭਾਈ ਸਾਹਿਬ ਭਾਈ ਵੀਰ ਸਿੰਘ, ਸਰ ਸੁੰਦਰ ਸਿੰਘ ਮਜੀਠੀਆ, ਅਤੇ ਸ੍ਰ. ਤ੍ਰਿਲੋਕ ਸਿੰਘ ਜਿਹੇ ਉਚੇ ਵਿਅਕਤੀਆਂ ਤੇ ਪੰਥ ਸੇਵਕਾਂ ਦੀ ਸੋਚ ਦਾ ਨਤੀਜਾ ਸੀ, ਜਿਸ ਦਾ ਬੂਟਾ ਉਨ੍ਹਾਂ ਹਾਲ ਬਾਜ਼ਾਰ ਅੰਮ੍ਰਿਤਸਰ ਵਿਚ ਲਗਾਇਆ, ਜਿਥੇ ਇਕ ਬਿਲਡਿੰਗ ਵਿਚ, ਇਹ ਇਕ ਸ਼ਾਹੂਕਾਰ ਦੀ ਬੈਠਕ ਜਾਂ ਪਟਵਾਰ ਖਾਨੇ ਵਾਂਗ ਚਲਦਾ ਸੀ। ਕੰਮ ਕਰਨ ਵਾਲ਼ੇ ਸੇਠਾਂ ਦੇ ਵਹੀ ਖਾਤਿਆਂ ਵਾਲੇ ਮੁਨੀਆਂ ਵਾਂਗ ਫਰਸ਼ੀ ਗੱਦੀਆਂ ਤੇ ਗਦੇਲਿਆਂ ਉਥੇ ਤਕੀਏ ਲਗਾ ਕੇ, ਸਾਹਮਣੇ ਸੰਦੂਕੜੀ ਤੇ ਵਹੀ ਰਖ ਕੇ, ਬੈਠਦੇ ਸਨ। ਇਨ੍ਹਾਂ ਮਹਾਂਪੁਰਸ਼ਾਂ ਦੀ ਕਲਪਨਾਂ ਤਾਂ ਠੀਕ ਸੀ, ਪਰ ਇਸਨੂੰ ਚਲਾਣ ਲਈ, ਜਿਸ ਜਾਦੂਭਰੀ ਸ਼ਖਸੀਅਤ ਦੀ ਲੋੜ ਸੀ, ਉਸਦੀ ਘਾਟ ਸੀ। ਥਾਂ ਥਾਂ ਤੋਂ ਬੈਂਕਾਂ ਵਿਚ ਕੰਮ ਕਰਨ ਵਾਲੇ ਕਰਿੰਦੇ ਲਭ ਕੇ ਲਿਆਂਦੇ ਗਏ ਤੇ ਹੌਲੀ ਹੌਲੀ ਇਹ ਬਾਲਕ ਗੋਡਿਆਂ ਭਾਰ ਰਿੜਨ ਲਗ ਪਿਆ। ਇਸ ਦੀਆਂ ਮਸਾਂ 12 ਬਰਾਂਚਾਂ ਹੀ ਬਣ ਸਕੀਆਂ ਤੇ ਕੁਲ੍ਹ ਜਮ੍ਹਾਂ ਰਾਸ਼ੀ ਸੌ ਕ੍ਰੋੜ ਤਕ ਵੀ ਨਾ ਪੁਜ ਸਕੀ।

ਦੇਸ਼ ਦੀ ਵੰਡ ਪਿਛੋਂ, ਇਸ ਬੈਂਕ ਨੂੰ ਦਿੱਲੀ ਲਿਆਂਦਾ ਗਿਆ, ਅਤੇ ਭਾਈ ਵੀਰ ਸਿੰਘ ਜੀ ਦੇ ਛੋਟੇ ਭਰਾਤਾ ਡਾ. ਬਲਬੀਰ ਸਿੰਘ ਜੀ ਇਸਦੇ ਚੇਅਰਮੈਨ ਬਣੇ। ਚੀਫ਼ ਖਾਲਸਾ ਦੀਵਾਨ ਦੇ ਕਈ ਹੋਰ ਸੇਵਕ ਵੀ, ਜਿਨ੍ਹਾਂ ਸ਼ੇਅਰ ਖਰੀਦੇ ਹੋਏ ਸਨ, ਇਸਦੇ ਡਾਇਰੈਕਟਰ ਬਣ ਗਏ। ਮੇਰੇ ਪ੍ਰਵਾਰ ਨੇ ਵੀ, ਭਾਈ ਵੀਰ ਸਿੰਘ ਜੀ ਦੇ ਨਿਕਟਵਰਤੀ ਹੋਣ ਕਰਕੇ, ਇਸ ਬੈਂਕ ਦੇ ਕਾਫ਼ੀ ਸ਼ੇਅਰ ਖਰੀਦੇ ਹੋਏ ਸਨ। ਮੇਰੇ ਪਿਤਾ ਜੀ ਤੇ ਬਾਬਾ ਜੀ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ, ਸੰਗਤਾਂ ਵਿਚ ਅਪੀਲਾਂ ਕਰ ਕਰ ਕੇ ਇਸ ਬੈਂਕ ਦੇ ਸ਼ੇਅਰ ਵੇਚਦੇ ਰਹੇ ਸਨ। ਦੇਸ਼ ਦੀ ਵੰਡ ਪਿਛੋਂ ਜਦੋਂ ਅਸੀਂ ਦਿੱਲੀ ਆ ਗਏ ਤਾਂ ਸਾਨੂੰ ਪੈਸੇ ਦੀ ਲੋੜ ਸੀ, ਕੋਈ ਡਿਵੀਡੈਂਡ ਨਾ ਹੋਣ ਕਰਕੇ, ਅਸਾਂ ਆਪਣੇ ਸ਼ੇਅਰ ਵੇਚ ਦਿਤੇ। ਸਾਡੇ ਸ਼ੇਅਰ ਸ੍ਰ. ਚਰਨਜੀਤ ਸਿੰਘ ਨੇ ਖਰੀਦੇ ਤੇ ਉਹ ਡਾਇਰੈਕਟਰ ਬਣ ਗਏ। ਹੋਰ ਡਾਇਰੈਕਟਰਾਂ ਵਿਚ ਸ੍ਰ. ਉਜਲ ਸਿੰਘ ਜੀ ਤੇ ਸ੍ਰ. ਸੁਰਜੀਤ ਸਿੰਘ ਮਜੀਠੀਆ ਵੀ ਸਨ। ਪਰ ਬੈਂਕ ਉਨਤੀ ਦੀ ਉਹ ਰਫ਼ਤਾਰ ਨਹੀਂ ਸੀ ਫੜ ਰਿਹਾ, ਜਿਸ ਦੀ ਆਸ ਸੀ। ਇਸ ਮੰਤਵ ਲਈ ਕਿਸੇ ਐਸੇ ਚਮਤਕਾਰੀ ਵਿਅਕਤੀ ਦੀ ਲੋੜ ਸੀ, ਜਿਸ ਦੀ ਛੋਹ ਲੋਹੇ ਨੂੰ ਸੋਨਾ ਬਣਾ ਸਕਣ ਵਾਲੀ ਪਾਰਸ-ਸ਼ਕਤੀ ਰਖਦੀ ਹੋਵੇ। ਜੋ ਗੁਰੂ ਘਰ ਤੋਂ ਇਤਨੀ ਵਰੋਸਾਈ ਹੋਈ, ਬਰਕਤਾਂ ਭਰਪੂਰ ਹਸਤੀ ਹੋਵੇ, ਜੋ ਮਿੱਟੀ ਨੂੰ ਵੀ ਹੱਥ ਪਾਵੇ, ਤਾਂ ਸੋਨਾ ਬਣ ਜਾਂਦਾ ਹੋਵੇ।

ਆਖ਼ਰ ਚੀਫ ਖਾਲਸਾ ਦੀਵਾਨ ਦੀਆਂ ਮਹਾਨ ਹਸਤੀਆਂ ਤੇ ਬੈਂਕ ਦੇ ਪ੍ਰਬੰਧਕਾਂ ਨੂੰ ਗੁਰੂ ਦੀ ਅਪਾਰ ਕ੍ਰਿਪਾ ਨਾਲ ਇਕ ਐਸਾ ਵਿਅਕਤੀ ਲਭ ਪਿਆ, ਜਿਸ ਦੇ ਚਰਨ ਚੁੰਮਣ ਲਈ ਸਫ਼ਲਤਾ ਬੇਤਾਬੀ ਨਾਲ ਉਡੀਕ ਰਹੀ ਸੀ, ਉਹ ਹਸਤੀ ਸੀ, ਨੂਰਾਨੀ ਚੇਹਰੇ, ਰਿਸ਼ੀਆਂ ਵਾਲੇ ਦਾਹੜੇ, ਬੇਦਾਗ ਚਿਟੀ ਦਸਤਾਰ, ਸੇਵਾ, ਸਿਮਰਨ, ਭਗਤੀ, ਸਾਦਗੀ ਤੇ ਨਿਮ੍ਰਤਾ ਦੇ ਪੁੰਜ ਸ੍ਰ. ਇੰਦਰਜੀਤ ਸਿੰਘ ਦੀ, ਜਿੰਨਾਂ ਨੂੰ ਯੂ ਕੇ ਬੈਂਕ ਦੀ ਨੌਕਰੀ ਤੋਂ ਅਸਤੀਫ਼ਾ ਦਿਵਾ ਕੇ, ਪੰਜਾਬ ਐਂਡ ਸਿੰਧ ਬੈਂਕ ਦੀ ਵਾਗਡੋਰ ਸੰਭਾਲਣ ਲਈ ਮਨਾ ਲਿਆ ਗਿਆ। ਉਨ੍ਹਾਂ ਦੇ ਆਂਦਿਆਂ ਹੀ ਇਸ ਛੋਟੇ ਕਮਜ਼ੋਰ ਬੱਚੇ ਦੇ ਸਰੀਰ ਵਿਚ ਨਵਾਂ ਖੂਨ ਦੌੜਨ ਲਗ ਪਿਆ ਤੇ ਨਵੀਂ ਸ਼ਕਤੀ ਦੇ ਸੰਚਾਰ ਨਾਲ, ਇਸ ਨੇ ਉਨਤੀ ਦੇ ਰਾਹ ਤੇ ਕਦਮ ਵਧਾਣੇ ਸ਼ੁਰੂ ਕਰ ਦਿਤੇ।

ਸ੍ਰਦਾਰ ਇੰਦਰਜੀਤ ਸਿੰਘ ਜੀ ਨੇ, ਚੇਅਰਮੈਨ ਬਣਦਿਆਂ ਹੀ, ਇਸ ਬੈਂਕ ਦੇ ਸਿਖ ਕਰੈਕਟਰ ਨੂੰ ਉਜਾਗਰ ਕਰਨਾ ਸ਼ੁਰੂ ਕਰ ਦਿਤਾ। ਨਵੀਆਂ ਬ੍ਰਾਂਚਾਂ ਖੁਲ੍ਹਣ ਲਗ ਪਈਆਂ। ਸਟਾਫ਼ ਦੀ ਭਰਤੀ ਸ਼ੁਰੂ ਹੋ ਗਈ। ਬੇਰੁਜ਼ਗਾਰ ਸਿੱਖ ਬੱਚੇ ਬੱਚੀਆਂ ਨੂੰ ਨੌਕਰੀਆਂ ਮਿਲ ਗਈਆਂ। ਵਪਾਰੀਆਂ, ਕਾਰਖਾਨੇਦਾਰਾਂ, ਕਿਸਾਨਾਂ, ਦੁਕਾਨਦਾਰਾਂ, ਤੇ ਹਰ ਤਰ੍ਹਾਂ ਦਾ ਰੋਜ਼ਗਾਰ ਸ਼ੁਰੂ ਕਰਨ ਵਾਲਿਆਂ ਨੂੰ ਬੈਂਕ ਵਲੋਂ ਕਰਜ਼ੇ ਮਿਲਣੇ ਸ਼ੁਰੂ ਹੋ ਗਏ। ਸਿੱਖ ਕੌਮ ਵਿਚ ਇਕ ਨਵਾਂ ਉਤਸ਼ਾਹ ਪੈਦਾ ਹੋ ਗਿਆ। ਪੰਜਾਬ ਵਿਚ ਹਰ ਸ਼ਹਿਰ, ਕਸਬੇ ਤੇ ਉਘੇ ਪਿੰਡਾਂ ਵਿਚ ਬੈਂਕ ਦੀਆਂ ਬ੍ਰਾਂਚਾਂ ਖੁਲ੍ਹਣ ਲਗ ਪਈਆਂ। ਹੌਲੇ ਹੌਲੇ ਸਾਰੇ ਹਿੰਦੁਸਤਾਨ

ਵਿਚ ਨਵੀਆਂ ਬ੍ਰਾਂਚਾਂ ਖੁਲ੍ਹਣ ਲਗ ਪਈਆਂ। ਆਮ ਪੰਜਾਬੀਆਂ, ਖਾਸ ਕਰ ਸਿਖਾਂ ਨੇ, ਇਸ ਬੈਂਕ ਨੂੰ ਆਪਣਾ ਕੌਮੀ ਬੈਂਕ ਬਣਾ ਲਿਆ।

ਸ੍ਰ. ਇੰਦਰਜੀਤ ਸਿੰਘ ਨੇ, ਧਾਰਮਕ, ਸਮਾਜਕ ਦੇ ਦੇਸ਼ ਉਸਾਰੀ ਦੇ ਕੰਮਾਂ ਲਈ, ਬੈਂਕ ਵਲੋਂ ਦਾਨਪੁੰਨ ਦੇ ਦਰਵਾਜ਼ੇ ਭੀ ਖੋਲ੍ਹ ਦਿਤੇ। ਸਕੂਲਾਂ ਕਾਲਜਾਂ ਨੂੰ ਮਾਲੀ ਸਹਾਇਤਾਂ, ਗਰੀਬ ਬੱਚੇ ਬੱਚੀਆਂ ਨੂੰ ਵਿਦਿਆ ਲਈ ਸਹਾਇਤਾ, ਯਤੀਮ ਖ਼ਾਨੇ, ਬ੍ਰਿਧ ਘਰ ਤੇ ਹੋਰ ਲੋੜਵੰਦ ਸੰਸਥਾਵਾਂ ਨੂੰ ਸਹਾਇਤਾ ਦੇਣ ਵਿਚ ਸ੍ਰ. ਇੰਦਰਜੀਤ ਸਿੰਘ ਨੇ ਕਦੇ ਕੰਜੂਸੀ ਨਾ ਕੀਤੀ। ਇਸ ਦਾ ਸਿੱਟਾ ਇਹ ਨਿਕਲਿਆ, ਕਿ ਸਕੂਲਾਂ, ਕਾਲਜਾਂ, ਯੂਨੀਵਰਸਟੀਆਂ, ਗੁਰਦੁਆਰਿਆਂ ਤੇ ਹੋਰ ਸੰਸਥਾਵਾਂ ਵਿਚ ਬੈਂਕ ਦੀਆਂ ਬ੍ਰਾਂਚਾਂ ਤੇ ਕਾਊਂਟਰ ਖੁਲ੍ਹਣੇ ਸ਼ੁਰੂ ਹੋ ਗਏ, ਬੈਂਕ ਦੇ ਡੀਪਾਜ਼ਟਾਂ ਵਿਚ ਦਿਨ ਦੁਗਣੀ, ਰਾਤ ਚੌਗਣੀ ਤਰੱਕੀ ਹੋਣ ਲਗ ਪਈ। ਇਨ੍ਹਾਂ ਸੰਸਥਾਵਾਂ ਨੇ ਆਪਣੇ ਲੱਖਾਂ ਕਰੋੜਾਂ ਰੁਪਏ ਇਸ ਬੈਂਕ ਵਿਚ ਜਮ੍ਹਾ ਕਰਵਾਣੇ ਸ਼ੁਰੂ ਕਰ ਦਿਤੇ। ਉਹਨਾਂ ਨੂੰ ਬ੍ਰਾਂਚ ਲਈ ਥਾਂ ਦੇਣ ਦਾ ਕਿਰਾਇਆ ਮਿਲ ਜਾਂਦਾ ਸੀ, ਤੇ ਬੈਂਕ ਨੂੰ ਡੀਪਾਜ਼ਟ ਮਿਲ ਜਾਂਦੇ ਸਨ। ਭਾਈ ਵੀਰ ਸਿੰਘ ਸਾਹਿਤ ਸਦਨ ਦੀ ਇਮਾਰਤ ਬਣਨ ਵੇਲੇ, ਬੈਂਕ ਦੇ ਕਈ ਲਖ ਦਾ ਕਰਜ਼ਾ ਸਦਨ ਨੂੰ ਦਿਤਾ। ਸ੍ਰ. ਇੰਦਰਜੀਤ ਸਿੰਘ ਜੀ ਨੇ ਸਦਨ ਦੀ ਬਿਲਡਿੰਗ ਦੇ ਬੇਸਮੈਂਟ ਵਿਚ ਬੈਂਕ ਦੀ ਬ੍ਰਾਂਚ ਖੋਲ੍ਹ ਦਿਤੀ ਤੇ ਉਸ ਦਾ ਕਿਰਾਇਆ ਕਰਜ਼ੇ ਵਿਚ ਐਡਜੈਸਟ ਹੁੰਦਾ ਰਿਹਾ।

ਸ੍ਰ. ਇੰਦਰਜੀਤ ਸਿੰਘ ਜੀ ਨੇ ਹਰ ਸਾਲ ਬੈਂਕ ਵਲੋਂ ਕਲੈਂਡਰ ਛਪਵਾਣ ਦਾ ਸਿਲਸਿਲਾ ਸ਼ੁਰੂ ਕੀਤਾ। ਇਨ੍ਹਾਂ ਕੈਲੰਡਰਾਂ ਵਿਚ ਸਿਖ ਇਤਿਹਾਸ ਤੇ ਗੁਰੂ ਘਰ ਨਾਲ ਸੰਬੰਧਤ ਪੇਟਿੰਗਜ਼ ਦੀਆਂ ਤਸਵੀਰਾਂ ਤੇ ਚਿਤਰ ਵਿਆਖਿਆ ਸਹਿਤ ਛਾਪੀਆਂ ਜਾਂਦੀਆਂ ਸਨ। ਲੋਕ ਇਨ੍ਹਾਂ ਕੈਲੰਡਰਾਂ ਨੂੰ ਲਭ ਲਭ ਕੇ, ਮੰਗ ਮੰਗ ਕੇ, ਘਰਾਂ ਵਿਚ ਟੰਗਦੇ ਸਨ। ਬੱਚਿਆਂ ਲਈ, ਇਤਹਾਸਕ ਤਸਵੀਰਾਂ, ਸਾਖੀਆਂ, ਤੇ ਗੁਰੂਆਂ ਦੇ ਜੀਵਨ ਦਰਸਾਂਦੀਆਂ ਪੁਸਤਕਾਂ ਛਾਪੀਆਂ ਜਾਂਦੀਆਂ ਸਨ। ਇਹ ਪੇਂਟਿੰਗਜ਼, ਅੱਜ ਵੀ ਇਸ ਬੈਂਕ ਦਾ ਵੱਡਮੁਲਾ ਖ਼ਜ਼ਾਨਾ ਹਨ ਤੇ ਹੁਣੇ ਜਿਹੇ ਇਨ੍ਹਾਂ ਵਿਚ ਕੁਝ ਪੁਸਤਕ ਰੂਪ ਵਿਚ ਵੀ ਛਾਪੀਆਂ ਗਈਆਂ ਗਏ ਹਨ। ਇਸ ਬਾਰੇ ਸ੍ਰ. ਇੰਦਰਜੀਤ ਸਿੰਘ ਜੀ ਨੇ, ਸ੍ਰ. ਮੱਖਣ ਸਿੰਘ, ਜੇ ਪਿਛੋਂ ਡੀ. ਜੀ. ਐਮ. ਬਣੇ, ਦੀ ਖਾਸ ਸੇਵਾ ਲਗਾਈ ਹੋਈ ਸੀ, ਜੋ ਸ੍ਰ. ਮਖਣ ਸਿੰਘ ਨੇ ਹੁਣ ਤਕ ਪੂਰੀ ਜ਼ਿੰਮੇਵਾਰੀ, ਦਿਆਨਤਦਾਰੀ ਤੇ ਲਗਨ ਨਾਲ ਨਿਭਾਈ ਹੈ।

ਇਸ ਤੋਂ ਇਲਾਵਾ ਸ੍ਰ. ਇੰਦਰਜੀਤ ਸਿੰਘ ਜੀ ਨੇ ਸਾਹਿਤਕਾਰਾਂ ਦੀ ਸ੍ਰਪ੍ਰਸਤੀ ਵੀ ਰੱਜ ਕੇ ਕੀਤੀ। ਉਹ ਲੇਖਕਾਂ ਦੀਆਂ ਪੁਸਤਕਾਂ ਬੈਂਕ ਵਲੋਂ ਖਰੀਦ ਕੇ, ਸਕੂਲਾਂ ਕਾਲਜਾਂ ਨੂੰ ਭੇਜ ਦੇਂਦੇ ਸਨ ਤੇ ਲਾਇਬ੍ਰੇਰੀਆਂ ਨੂੰ ਮੁਫ਼ਤ ਘਲ ਦੇਂਦੇ ਸਨ। ਪ੍ਰਿ. ਸਤਿਬੀਰ ਸਿੰਘ ਦੀਆਂ ਬਹੁਤੀਆਂ ਪੁਸਤਕਾਂ ਛਪਣ ਦਾ ਸਿਹਰਾ ਵੀ ਸ੍ਰ. ਇੰਦਰਜੀਤ ਸਿੰਘ ਜੀ ਦੇ ਸਿਰ ਹੀ ਹੈ। ਸ੍ਰ. ਇੰਦਰਜੀਤ ਸਿੰਘ ਦੀਆਂ ਇਨ੍ਹਾਂ ਮਹਾਨ, ਸਾਹਿਤਕ, ਸਮਾਜਕ, ਭਾਈਚਾਰਕ ਆਰਥਕ ਤੇ ਧਾਰਮਕ ਸੇਵਾਵਾਂ ਨੂੰ ਮੁਖ ਰਖਕੇ, ਉਨ੍ਹਾਂ ਨੂੰ ਡਾਕਟਰ ਆਫ ਲਿਟਰੇਚਰ ਦੀ ਆਨਰੇਰੀ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਲੋਂ ਪ੍ਰਦਾਨ ਕੀਤੀ ਗਈ। ਉਸ ਤੋਂ ਬਾਅਦ ਉਨ੍ਹਾਂ ਦੇ ਨਾਮ ਨਾਲ ਡਾਕਟਰ ਦਾ ਲਫਜ਼ ਲੱਗ ਗਿਆ ਤੇ ਉਹ ਡਾ. ਇੰਦਰਜੀਤ ਸਿੰਘ ਬਣ ਗਏ।

ਡਾ. ਇੰਦਰਜੀਤ ਸਿੰਘ ਜੀ ਹਿੰਮਤ, ਮਿਹਨਤ ਤੇ ਯੋਗਤਾ ਸਦਕਾ ਪੰਜਾਬ ਐਂਡ ਸਿੰਧ ਬੈਂਕ ਇਕ ਕਰੋੜ ਤੋਂ ਸਤ ਸੌ ਕਰੋੜ ਦਾ ਬੈਂਕ ਬਣ ਗਿਆ ਤੇ 12 ਬ੍ਰਾਂਚਾਂ ਤੋਂ ਇਸਦੀਆਂ ਛੇ ਸੌ ਬ੍ਰਾਂਚਾਂ ਬਣ ਗਈਆਂ। ਇੰਦਰਾਂ ਗਾਂਧੀ ਨੇ 300 ਕਰੋੜ ਤੋਂ ਵਧ ਡੀਪਾਜ਼ਟ ਰਖਣ ਵਾਲੇ ਬੈਂਕ ਦਾ ਕੌਮੀ ਕਰਨ ਕਰ ਦਿਤਾ। ਪਰ ਡਾ. ਇੰਦਰਜੀਤ ਸਿੰਘ ਜੀ ਨੈਸ਼ਨਲਾਈਜ਼ਡ ਬੈਂਕ ਦੇ ਵੀ ਕਈ ਸਾਲ ਚੇਅਰਮੈਨ ਬਣੇ ਰਹੇ।

ਡਾ. ਇੰਦਰਜੀਤ ਸਿੰਘ ਜੀ ਭਗਤ ਪੂਰਨ ਸਿੰਘ ਜੀ ਵਾਂਗ ਸਹਿਜਧਾਰੀ ਪ੍ਰਵਾਰ ਨਾਲ ਸੰਬੰਧ ਰਖਦੇ ਹਨ ਤੇ ਮਗਰੋਂ ਅੰਮ੍ਰਿਤ ਛੱਕ ਕੇ ਸਿੰਘ ਸਜੇ ਹਨ। ਭਗਤ ਪੂਰਨ ਸਿੰਘ ਜੀ ਵਾਂਗ ਹੀ ਉਹ ਆਪਣੀ ਮਾਤਾ ਦਾ ਬੜਾ ਸਤਿਕਾਰ ਕਰਦੇ ਤੇ ਉਸ ਦੀ ਹਰ ਆਗਿਆ ਦਾ ਪਾਲਨ ਕਰਦੇ ਸਨ। ਇਨ੍ਹਾਂ ਦੇ ਜੀਵਨ ਦੀਆਂ ਕੁਝ ਦਿਲਚਸਪ ਝਲਕੀਆਂ ਜਿਨ੍ਹਾਂ ਤੋਂ ਉਨ੍ਹਾਂ ਦੇ ਮਹਾਨ ਵਿਅਕਤਿਤਵ ਦਾ ਅੰਦਾਜ਼ਾ ਲਗਦਾ ਹੈ, ਮੈਂ ਪਾਠਕਾਂ ਨਾਲ ਸਾਂਝੀਆਂ ਕਰਨਾ ਚਾਹੁੰਦਾ ਹਾਂ।

ਇਕ ਵਾਰੀ ਗਰਮੀਆਂ ਵਿਚ, ਉਹ ਆਪਣੇ ਬੱਚਿਆਂ ਦੇ ਕਹੇ ਤੇ ਉਨ੍ਹਾਂ ਨੂੰ ਦੋ ਹਫਤਿਆਂ ਲਈ ਪਹਾੜਾਂ ਤੇ ਲੈ ਜਾਣ ਲਈ ਤਿਆਰ ਹੋਏ। ਪੂਰੀ ਤਿਆਰੀ ਹੋ ਚੁਕੀ ਸੀ ਤੇ ਉਹ ਜਾਣ ਲਈ ਤੁਰਨ ਵਾਲੇ ਸਨ । ਮਾਤਾ ਨੂੰ ਚਰਨ ਬੰਦਨਾ ਕਰਨ ਤੇ ਆਗਿਆ ਲੈਣ ਲਈ ਉਨ੍ਹਾਂ ਪਾਸ ਗਏ ਤੇ ਆਪਣਾ ਪ੍ਰੋਗਰਾਮ ਦਸਿਆ। ਇਹ ਗਲ ਸੁਣ ਕੇ ਮਾਤਾ ਨੇ ਉਨ੍ਹਾਂ ਨੂੰ ਆਪਣੇ ਨਾਲ ਕੋਠੇ ਉਤੇ ਮਕਾਨ ਦੀ ਛਤ ਤੇ ਆਣ ਲਈ ਕਿਹਾ। ਸਾਹਮਣੇ ਸੜਕ ਤੇ ਇਕ ਗਰੀਬ ਬੱਚਾ ਪੈਰੋਂ ਨੰਗਾ, ਗਰਮੀ ਵਿਚ ਗਰਮ ਸੜਕ ਤੇ ਟੁਰਦਾ ਜਾ ਰਿਹਾ ਸੀ, ਉਸ ਦੇ ਕਪੜੇ ਵੀ ਫਟੇ ਪੁਰਾਣੇ ਸਨ। ਮਾਂ ਨੇ ਉਸ ਵਲ ਇਸ਼ਾਰਾ ਕਰਕੇ ਕਿਹਾ, "ਐਹ ਵੇਖ

ਪੁੱਤਰ, ਇਹ ਬੱਚਾ ਕਿਸ ਤਰ੍ਹਾਂ ਫਟੇ ਪੁਰਾਣੇ ਕਪੜੇ ਪਾਈ ਪੈਰੋਂ ਨੰਗਾ ਸੜਕ ਤੇ ਜਾ ਰਿਹਾ ਹੈ। ਆਣ ਜਾਣ ਦੇ ਖਰਚੇ ਤੋਂ ਇਲਾਵਾ ਤੂੰ ਉਥੇ ਹੋਟਲਾਂ ਦੇ ਕਿਰਾਏ ਤੇ ਰੋਟੀ ਪਾਣੀ ਦੇ ਖਰਚ ਤੇ ਹਜ਼ਾਰਾਂ ਰੁਪਏ ਖਰਚ ਕਰੇਂਗਾ। ਪੰਦਰਾਂ ਦਿਨਾਂ ਬਾਅਦ ਵਾਪਸ ਆਏਂਗਾ ਤੇ ਇਥੇ ਗਰਮੀ ਉਤਨੀ ਹੀ ਹੋਵੇਗੀ, ਸਗੋਂ ਤੈਨੂੰ ਅਗੇ ਨਾਲੋਂ ਵੀ ਵਧ ਮਹਿਸੂਸ ਹੋਵੇਗੀ, ਕਿਉਂ ਨਹੀਂ ਤੂੰ ਇਹ ਪੈਸੇ ਇਹੋ ਜਿਹੇ ਗਰੀਬ ਬੱਚਿਆਂ ਨੂੰ ਜੁਤੀਆਂ ਤੇ ਕਪੜੇ ਲੈ ਕੇ ਦੇਣ ਲਈ ਖਰਚ ਕਰਦਾ ? ਸ੍ਰਦਾਰ ਇੰਦਰਜੀਤ ਸਿੰਘ ਨੇ ਬਿਨਾਂ ਹੀਲ ਹੁਜਤ ਮਾਂ ਦੀ ਉਹ ਸਲਾਹ ਖਿੜੇ ਮੱਥੇ ਪ੍ਰਵਾਨ ਕੀਤੀ। ਪਹਾੜ ਜਾਣ ਦਾ ਪ੍ਰੋਗਰਾਮ ਛਡ ਦਿਤਾ ਤੇ ਪੈਸੇ ਮਾਂ ਦੇ ਦਸੇ ਸੁਝਾਓ ਅਨੁਸਾਰ ਖਰਚ ਕੀਤੇ।

ਮਾਂ ਦੇ ਸਤਿਕਾਰ ਦੀ ਇਕ ਹੋਰ ਮਿਸਾਲ ਵੀ ਪਾਠਕਾਂ ਨੂੰ ਦੱਸਣ ਯੋਗ ਹੈ। ਇਕ ਵਾਰੀ ਦਿੱਲੀ ਦੇ ਉਬਰਾਏ ਹੋਟਲ ਵਿਚ ਕਿਸੇ ਵਲੋਂ ਡਿਨਰ ਦਿਤਾ ਗਿਆ। ਉਥੇ ਇਕ ਪਾਸੇ ਮਾਸਾਹਾਰੀ ਭਾਵ ਨਾਨ-ਵੈਜ ਤੇ ਦੂਸਰੇ ਪਾਸੇ ਸ਼ਾਕਾਹਾਰੀ ਭਾਵ ਵੈਜੇਟੇਰੀਅਨ ਖਾਣੇ ਮੇਜ਼ਾਂ ਤੇ ਲਗਾਏ ਹੋਏ ਸਨ । ਇਸ ਖਾਣੇ ਤੇ ਡਾ. ਗੁਰਦਿਆਲ ਸਿੰਘ ਢਿਲੋਂ ਤੇ ਡਾ. ਇੰਦਰਜੀਤ ਸਿੰਘ, ਦੋਵੇਂ ਪੁਜੇ ਹੋਏ ਸਨ ਤੇ ਆਪੋ ਵਿਚ ਗਲਾਂ ਕਰ ਰਹੇ ਸਨ । ਜਦ ਡਿਨਰ ਸ਼ੁਰੂ ਹੋਇਆ, ਤਾਂ ਢਿਲੋਂ ਸਾਹਿਬ ਨਾਨ-ਵੈਜ ਵਾਲੇ ਮੇਜ਼ਾਂ ਤੋਂ ਪਲੇਟ ਭਰ ਕੇ ਲੈ ਆਏ, ਤਾਂ ਸ੍ਰ ਇੰਦਰਜੀਤ ਸਿੰਘ ਜੀ, ਵੈਸ਼ਨੇ ਖਾਣੇ ਵਾਲੇ ਮੇਜ਼ਾਂ ਤੋਂ ਪਲੇਟ ਭਰ ਕੇ ਲੈ ਆਏ। ਇਹ ਵੇਖਕੇ ਢਿਲੋਂ ਸਾਹਿਬ ਨੇ ਸ੍ਰ. ਇੰਦਰਜੀਤ ਸਿੰਘ ਨੂੰ ਪੁਛਿਆ, "ਕੀ ਤੁਸੀਂ ਮੀਟ ਨਹੀਂ ਖਾਂਦੇ ? ਤਾਂ ਸਰਦਾਰ ਜੀ ਨੇ ਉਤਰ ਦਿਤਾ, "ਜੀ ਮੈਂ ਨਹੀਂ ਖਾਂਦਾ।" ਡਾ. ਢਿਲੋਂ ਨੇ ਫਿਰ ਪੁਛਿਆ, "ਕਿਉਂ ਨਹੀਂ ਖਾਂਦੇ ? ਸ੍ਰਦਾਰ ਇੰਦਰਜੀਤ ਸਿੰਘ ਨੇ ਕਿਹਾ, "ਮਾਂ ਨੇ ਮੰਨ੍ਹਾ ਕਰ ਦਿਤਾ ਸੀ।" ਡਾ. ਢਿਲੋਂ ਨੇ ਫਿਰ ਪੁਛਿਆ, "ਮਾਂ ਨੇ ਕਿਉਂ ਮੰਨਾ ਕੀਤਾ, ਕਾਰਨ ਕੀ ਸੀ।" ਤਾਂ ਸਰਦਾਰ ਇੰਦਰਜੀਤ ਸਿੰਘ ਨੇ ਉਤਰ ਦਿਤਾ, "ਢਿਲੋਂ ਸਾਹਿਬ, ਮਾਂ ਨੂੰ ਕਾਰਨ ਨਹੀਂ ਪੁਛੀਦਾ, ਸਿਰਫ਼ ਉਸ ਦੀ ਆਗਿਆ ਦਾ ਪਾਲਨ ਕਰੀਦਾ ਹੈ ।" ਡਾ. ਢਿਲੋਂ ਇਹ ਉਤਰ ਸੁਣ ਕੇ, ਜਿਥੇ ਲਾਜਵਾਬ ਹੋ ਗਿਆ, ਉਥੇ ਅਸ਼ ਅਸ਼ ਕਰਕੇ ਬੋਲਿਆ, "ਵਾਹ ਸ੍ਰਦਾਰ ਸਾਹਿਬ ਵਾਹ, ਜੇ ਆਗਿਆਕਾਰ ਪੁਤਰ ਹੋਵੇ ਤਾਂ ਤੁਹਾਡੇ ਵਰਗਾ।"

ਇਕ ਵਾਰ ਕਰਨਾਲ ਵਿਚ ਕੀਰਤਨ ਦਰਬਾਰ ਹੋਇਆ। ਸ੍ਰ. ਇੰਦਰਜੀਤ ਸਿੰਘ ਜੀ ਪ੍ਰਬੰਧਕਾਂ ਦੇ ਸੱਦੇ ਤੇ ਉਥੇ ਪੁਜੇ। ਕੀਰਤਨ ਦਰਬਾਰ ਰਾਤ ਨੂੰ ਡੇਢ ਵਜੇ ਸਮਾਪਤ ਹੋਇਆ। ਪ੍ਰਬੰਧਕਾਂ ਨੇ ਸਰਦਾਰ ਜੀ ਨੂੰ ਕਿਹਾ ਕਿ ਹੁਣ ਇਥੇ ਹੀ ਬਿਸਰਾਮ ਕਰ ਲਓ, ਪਰ ਸਰਦਾਰ ਜੀ ਕਹਿਣ ਲਗੇ, "ਨਹੀਂ, ਮੈਂ ਵਾਪਸ ਦਿੱਲੀ ਜਾਣਾ ਹੈ," ਇਹ ਕਹਿਕੇ ਕਾਰ ਵਿਚ ਬੈਠ ਗਏ ਤੇ ਡਰਾਈਵਰ ਨੂੰ ਚੱਲਣ ਲਈ ਕਿਹਾ ਤਾਂ ਇਕ ਪ੍ਰਬੰਧਕ ਬੋਲਿਆ, "ਸਰਦਾਰ ਜੀ, ਏਨੀ ਰਾਤ ਗਏ, ਇਕਲੇ ਦਿੱਲੀ ਜਾਓਗੇ ?" ਤਾਂ ਸਰਦਾਰ ਜੀ ਨੇ ਉੱਤਰ ਦਿੱਤਾ, "ਨਹੀਂ ਗੁਰੂ ਨਾਨਕ ਮੇਰੇ ਨਾਲ ਹੈ।"

1975 ਵਿਚ ਮੋਗਾ ਵਿਚ ਕਿਸਾਨ ਮੇਲਾ ਸੀ, ਜਿਸ ਵਿਚ ਕਿਸਾਨਾਂ ਨੂੰ ਬੈਂਕ ਦੇ ਕਰਜ਼ੇ ਨਾਲ 101 ਟਰੈਕਟਰ ਦਿਤੇ ਜਾਣੇ ਸਨ। ਗਿ. ਜ਼ੈਲ ਸਿੰਘ ਜੀ ਪੰਜਾਬ ਦੇ ਮੁੱਖ ਮੰਤਰੀ ਸਨ ਤੇ ਇਸ ਮੇਲੇ ਦੇ ਮੁੱਖ ਮਹਿਮਾਨ ਸਨ। ਉਨ੍ਹਾਂ ਦੀ ਇੰਤਜ਼ਾਰ ਹੋ ਰਹੀ ਸੀ ਅਤੇ ਪੁਲੀਸ ਤੇ ਸਿਕਿਊਰਟੀ ਵਾਲੇ ਕਾਫੀ ਗਿਣਤੀ ਵਿਚ ਆਏ ਹੋਏ ਸਨ।ਸ੍ਰ. ਇੰਦਰਜੀਤ ਸਿੰਘ ਜੀ ਗਿਆਨੀ ਜੀ ਦੇ ਸੁਆਗਤ ਲਈ ਹਾਰ ਲੈ ਕੇ ਪੰਡਾਲ ਤੋਂ ਕਾਫੀ ਅਗੇ ਜਾ ਖੜੇ ਹੋਏ। ਸਿਕਿਊਰਿਟੀ ਵਾਲੇ ਕਹਿਣ ਲਗੇ "ਗਿਆਨੀ ਜੀ ਦੀ ਕਾਰ ਇਥੇ ਨਹੀਂ ਰੁਕੇਗੀ, ਅਗੇ ਪੰਡਾਲ ਦੇ ਬਿਲਕੁਲ ਨੇੜੇ ਹੋ ਕੇ ਰੁਕੇਗੀ, ਤੁਸੀਂ ਉਥੇ ਚਲੇ ਜਾਓ।" ਸਰਦਾਰ ਜੀ ਕਹਿਣ ਲਗੇ, "ਭਾਈ ਅਸੀਂ ਤਾਂ ਹੁਣ ਅਗੇ ਆ ਗਏ ਹਾਂ, ਪਿਛੇ ਨਹੀਂ ਜਾ ਸਕਦੇ, ਜੇ ਰੁਕਣੀ ਹੋਈ ਤਾਂ ਇਥੇ ਹੀ ਰੁਕੇਗੀ।" ਸਿਕਿਊਰਿਟੀ ਵਾਲਿਆਂ ਨੇ ਬਥੇਰਾ ਕਿਹਾ ਕਿ ਨਹੀਂ ਇਥੇ ਨਹੀਂ ਰੁਕੇਗੀ,ਪਰ ਡਾ. ਇੰਦਰਜੀਤ ਸਿੰਘ ਜੀ ਉਥੇ ਹੀ ਖੜੇ ਰਹੇ। ਗਿਆਨੀ ਜੀ ਦੀ ਕਾਰ ਆਈ ਤਾਂ ਅਗਲੀ ਸਿਕਿਊਰਟੀ ਵਾਲੀ ਕਾਰ ਤਾਂ ਅਗੇ ਨਿਕਲ ਗਈ। ਗਿਆਨੀ ਜੀ ਦੀ ਕਾਰ ਨੇ ਵੀ ਉਸ ਦੇ ਮਗਰ ਜਾਣਾ ਸੀ, ਪਰ ਗਿਆਨੀ ਜੀ ਦੀ ਕਾਰ ਸ੍ਰ. ਇੰਦਰਜੀਤ ਸਿੰਘ ਜੀ ਪਾਸ ਆ ਕੇ ਰੁਕ ਗਈ ਤੇ ਗਿਆਨੀ ਜੀ ਨੇ ਸਰਦਾਰ ਜੀ ਤੋਂ ਹਾਰ ਪੁਆ ਕੇ ਉਨ੍ਹਾਂ ਨੂੰ ਜੱਫੀ ਪਾ ਲਈ। ਸਿਕਿਊਰਟੀ ਵਾਲੇ ਹੈਰਾਨ ਹੋ ਕੇ ਬਿਟ ਬਿਟ ਇਕ ਦੂਜੇ ਦਾ ਮੂੰਹ ਵੇਖਣ ਲਗੇ।

ਇਕ ਵਾਰੀ ਡਾ.ਇੰਦਰਜੀਤ ਸਿੰਘ ਜੀ ਇਕ ਸ਼ਹਿਰ ਕਿਸੇ ਸਮਾਗਮ ਲਈ ਗਏ। ਉਥੋਂ ਦੀ ਬ੍ਰਾਂਚ ਦਾ ਮੈਨੇਜਰ ਵੀ ਆਇਆ ਹੋਇਆ ਸੀ। ਉਹ ਕਹਿਣ ਲਗਾ, "ਮੇਰੇ ਘਰ ਚਰਨ ਪਾ ਕੇ ਜਾਓ" ਪਰ ਸਰਦਾਰ ਜੀ ਨੇ ਕਿਹਾ ਕਿ "ਵਕਤ ਨਹੀ,ਵਾਪਸ ਜਾਣਾ ਹੈ।" ਉਹ ਫਿਰ ਹੱਥ ਜੋੜ ਕੇ ਕਹਿਣ ਲਗਾ, "ਜੀ ਮੇਰਾ ਘਰ ਇਥੋਂ ਬਿਲਕੁਲ ਨਜ਼ਦੀਕ ਹੈ ਤੇ ਮੇਰੇ ਮਾਤਾ ਪਿਤਾ ਦੀ ਖਾਹਿਸ਼ ਸੀ, ਕਿ ਸਰਦਾਰ ਸਾਹਿਬ ਸਾਨੂੰ ਦਰਸ਼ਨ ਦੇ ਕੇ ਜਾਣ, ਤੁਸੀਂ ਕੇਵਲ ਦੋ ਤਿੰਨ ਮਿੰਟ ਹੀ ਉਥੇ ਰੁਕਣਾ।" ਮੈਨੇਜਰ ਦੀ ਇਹ ਗਲ ਸੁਣ ਕੇ ਸਰਦਾਰ ਦੀ ਮੰਨ ਗਏ ਤੇ ਉਸ ਦੇ ਨਾਲ ਉਸਦੇ ਘਰ ਜਾ ਪੁੱਜੇ ਅਤੇ ਪ੍ਰਵਾਰ ਦੇ ਸਾਰੇ

ਜੀਆਂ ਦੀ ਸੁਖਸਾਂਦ ਪੁਛੀ। ਸਰਦਾਰ ਜੀ ਨੇ ਵੇਖਿਆ ਕਿ ਮੈਨੇਜਰ ਪਾਸ ਕੇਵਲ ਦੋ ਕਮਰਿਆਂ ਵਾਲਾ ਮਕਾਨ ਹੈ। ਉਸ ਨੇ ਪੁਛਣ ਤੇ ਦਸਿਆ ਕਿ ਇਕ ਕਮਰੇ ਵਿਚ ਉਹ ਤੇ ਉਸਦੀ ਪਤਨੀ ਤੇ ਦੂਜੇ ਕਮਰੇ ਵਿਚ ਉਸ ਦੇ ਬੱਚੇ ਸੌਂਦੇ ਹਨ। ਸਰਦਾਰ ਜੀ ਨੇ ਪੁਛਿਆ, "ਤੁਹਾਡੇ ਮਾਤਾ ਪਿਤਾ ਕਿਥੇ ਸੌਂਦੇ ਹਨ" ਤਾਂ ਮੈਨੇਜਰ ਨੇ ਦਸਿਆ ਕਿ ਉਹ ਬਾਹਰ ਬਿਰਾਂਡੇ ਵਿਚ ਸੌਂਦੇ ਹਨ। ਸਰਦਾਰ ਜੀ ਨੇ ਪੁਛਿਆ "ਜੇ ਬਾਰਸ਼ ਆ ਜਾਏ ਤਾਂ ਫਿਰ ਕਿਥੇ ਜਾਂਦੇ ਹਨ।" ਮੈਨੇਜਰ ਨੇ ਉਤਰ ਦਿਤਾ,"ਜੀ ਡਰਾਇੰਗ ਰੂਮ ਵਿਚ ਸੋਫੇ ਤੇ, ਜਾਂ ਥਲੇ ਵਿਛਾਈ ਕਰ ਲੈਂਦੇ ਹਨ" ਸਰਦਾਰ ਜੀ ਨੇ ਪੁਛਿਆ "ਉਤਲੀ ਮੰਜ਼ਲ ਵਿਚ ਕੌਣ ਹੈ। ਮੈਨੇਜਰ ਨੇ ਉਤਰ ਦਿਤਾ ਜੀ ਕੋਈ ਹੋਰ ਕਿਰਾਏਦਾਰ ਹੈ।" ਸਰਦਾਰ ਜੀ ਨੇ ਉਸ ਕਿਰਾਏਦਾਰ ਨੂੰ ਬੁਲਾ ਕੇ ਕਿਹਾ, 'ਭਾਈ ਸਾਹਿਬ, ਇਹ ਮਕਾਨ ਤੁਹਾਡੇ ਲਈ ਵੀ ਛੋਟਾ ਹੈ ਤੇ ਸਾਡੇ ਮੈਨੇਜਰ ਲਈ ਵੀ "ਅਸੀਂ ਤੁਹਾਨੂੰ ਇਸ ਤੋਂ ਚੰਗਾ ਤੇ ਵਡਾ ਮਕਾਨ ਲੈ ਦਿੰਦੇ ਹਾਂ ਤੇ ਕਿਰਾਏ ਦਾ ਜਿਤਨਾ ਫ਼ਰਕ ਹੋਵੇਗਾ, ਉਹ ਅਸੀਂ ਦੇਂਦੇ ਰਹਾਂਗੇ, ਤੁਸੀਂ ਇਹ ਥਾਂ ਖਾਲੀ ਕਰਕੇ ਸਾਡੇ ਮੈਨੇਜਰ ਨੂੰ ਦੇ ਦਿਓ।" ਉਹ ਇਹ ਤਜਵੀਜ਼ ਬੜੀ ਖੁਸ਼ੀ ਨਾਲ ਮੰਨ ਗਿਆ, ਤੇ ਇਸ ਤਰ੍ਹਾਂ ਸ੍ਰਦਾਰ ਜੀ ਨੇ ਆਪਣੀ ਫਰਾਖ਼ਦਿਲੀ ਨਾਲ ਮੈਨੇਜਰ ਦਾ ਮਸਲਾ ਹਲ ਕਰਦਿਆਂ ਕਿਹਾ ਕਿ, "ਇਕ ਕਮਰਾ ਵਖਰਾ ਆਪਣੇ ਮਾਤਾ ਪਿਤਾ ਨੂੰ ਦਿਓ" ਮੈਨੇਜਰ ਦੇ ਬੱਚੇ ਪਿਛੋਂ ਇਕ ਦੂਜੇ ਨੂੰ ਕਹਿਣ ਲੱਗੇ, He is not a chairman, he is a cheerman ਭਾਵ ਇਹ ਕੇਵਲ ਕੁਰਸੀ ਤੇ ਬਹਿਣ ਵਾਲਾ ਬੰਦਾ ਨਹੀਂ, ਖੁਸ਼ੀਆਂ ਵੰਡਣ ਵਾਲਾ ਬੰਦਾ।

ਦਿੱਲੀ ਵਿਚ, ਥਾਂਉਂ ਥਾਂਈ ਜਾਕੇ, ਸਮਾਗਮਾਂ ਤੇ ਗੁਰਪੁਰਬਾਂ ਤੇ ਧਾਰਮਕ ਪੁਸਤਕਾਂ ਦੇ ਸਟਾਲ ਲਾਣ ਵਾਲਾ ਰਘਬੀਰ ਸਿੰਘ ਇਕ ਥਾਂ ਸਟਾਲ ਲਾਈ ਬੈਠਾ ਸੀ । ਡਾ. ਇੰਦਰਜੀਤ ਸਿੰਘ ਉਸ ਦੇ ਸਟਾਲ ਤੇ ਰੁਕ ਕੇ ਕਿਤਾਬਾਂ ਵੇਖਣ ਲਗ ਪਏ। ਕੁਝ ਕਿਤਾਬਾਂ ਜੋ ਸ੍ਰਦਾਰ ਜੀ ਨੇ ਪੁਛੀਆਂ, ਉਸ ਦੇ ਪਾਸ ਨਹੀਂ ਸਨ। ਪੁਛਣ ਤੇ ਉਸਨੇ ਸ੍ਰਦਾਰ ਜੀ ਨੂੰ ਦਸਿਆ ਕਿ ਉਹ ਆਪਣੀ ਮਹਿਦੂਦ ਜਿਹੀ ਮੂੜੀ ਨਾਲ, ਜਿਨੀਆਂ ਕੁ ਕਿਤਾਬਾਂ ਖਰੀਦ ਸਕਦਾ ਹੈ, ਖਰੀਦ ਲੈਂਦਾ ਹੈ, ਤੇ ਉਸੇ ਵਿਚ ਹੀ ਆਪਣਾ ਚੱਕਰ ਚਲਾਂਦਾ ਹੈ, ਸ੍ਰਦਾਰ ਜੀ ਨੇ ਉਸ ਨੂੰ ਦਫ਼ਤਰ ਬੁਲਾ ਕੇ ਪੰਜ ਹਜ਼ਾਰ ਰੁਪਏ ਦੇ ਕੇ ਕਿਹਾ, "ਲਓ ਆਪਣੀ ਮੂੜੀ ਵਧਾ ਕੇ ਹੋਰ ਧਾਰਮਿਕ ਪੁਸਤਕਾਂ ਵੇਚੋ", ਇਸ ਨਾਲ ਰਘਬੀਰ ਸਿੰਘ ਦਾ ਉਤਸ਼ਾਹ ਵਧਿਆ ਤੇ ਉਹ ਅਜ ਚੰਗਾ ਤਕੜਾ ਪੁਸਤਕ ਵਿਕ੍ਰੇਤਾ ਹੈ।

ਡਾ. ਇੰਦਰਜੀਤ ਸਿੰਘ ਜੀ ਹਰ ਬੰਦੇ ਨੂੰ ਮਿਲਦੇ ਹਨ, ਤੇ ਉਸ ਦੀ ਗਲ ਸੁਣ ਕੇ ਜਿਥੋਂ ਤਕ ਹੋ ਸਕੇ, ਮਸਲੇ ਹਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਕ ਵਾਰੀ ਉਹ ਆਪਣੀ ਮਹਾਰਾਣੀ ਬਾਗ ਵਾਲੀ ਕੋਠੀ ਵਿਚ, ਆਪਣੇ ਡਰਾਇੰਗ ਰੂਮ ਵਿਚ ਬੈਠੇ ਕੁਝ ਬੈਂਕ ਕਰਮਚਾਰੀਆਂ ਨਾਲ ਵਿਚਾਰਾਂ ਕਰ ਰਹੇ ਸਨ ਵਿਚਾਰ ਲੰਮੀ ਹੋ ਗਈ ਤੇ ਬਾਹਰ ਮਿਲਣ ਵਾਲਿਆਂ ਦੀ ਕਾਫੀ ਭੀੜ ਹੋ ਗਈ। ਬੈਂਕ ਕਰਮਚਾਰੀਆਂ ਤੋਂ ਵੇਹਲੇ ਹੋ ਕੇ ਸ੍ਰਦਾਰ ਜੀ ਨੇ ਪੀ. ਏ. ਨੂੰ ਕਿਹਾ, "ਬਾਹਰ ਵੇਖ ਕੇ ਆਓ ਕਿਤਨੇ ਆਦਮੀ ਮਿਲਣ ਵਾਲੇ ਹਨ ਤੇ ਕੌਣ ਕੌਣ ਹਨ ?" ਪੀ. ਏ. ਨੇ ਆਕੇ ਦਸਿਆ, ਕਿ ਬਾਹਰ ਦੋ ਤਿੰਨ ਤਾਂ ਰਾਗੀ ਬੈਠੇ ਹਨ, ਤਿੰਨ ਚਾਰ ਬੰਦੇ ਚੀਫ਼ ਖਾਲਸਾ ਦੀਵਾਨ ਦੇ ਹਨ, ਤੇ ਤਿੰਨ ਚਾਰ ਵਡੇ ਸ੍ਰਮਾਏਦਾਰ ਤੇ ਕਾਰਖਾਨੇਦਾਰ ਹਨ (ਉਸਨੇ ਸਭ ਦੇ ਨਾਮ ਦਸ ਦਿਤੇ) ਸ੍ਰਦਾਰ ਜੀ ਨੇ ਕਿਹਾ ਕਿ ਸਭ ਤੋਂ ਪਹਿਲਾਂ ਰਾਗੀਆਂ ਨੂੰ ਬੁਲਾਓ, "ਇਨ੍ਹਾਂ ਗੁਰਮੁਖਾਂ ਦੇ ਤਾਂ ਛੋਟੇ ਛੋਟੇ ਕੰਮ ਹੁੰਦੇ ਹਨ, ਕਿਸੇ ਦਾ ਕੋਈ ਬੱਚਾ ਸਕੂਲ ਵਿਚ ਦਾਖਲ ਕਰਾਣਾ ਹੋਵੇ, ਜਾਂ ਆਪਣਾ ਮਕਾਨ ਬਣਾਨ ਲਈ, ਛੋਟਾ ਜਿਨਾਂ ਲੋਨ ਲੈਣਾ ਹੋਵੇਗਾ। ਇਸ ਤੋਂ ਬਾਦ ਚੀਫ ਖਾਲਸਾ ਦੀਵਾਨ ਦੇ ਬੰਦਿਆਂ ਨੂੰ ਬੁਲਾਓ, ਇਹ ਬੜੇ ਬਿਜ਼ੀ ਹੁੰਦੇ ਨੇ, ਤੇ ਨਾਲੇ ਪੰਥਕ ਤੇ ਵਿਦਿਅਕ ਕੰਮਾਂ ਵਿਚ ਰੁਝੇ ਹੁੰਦੇ ਨੇ। ਸਭ ਤੋਂ ਅਖੀਰ ਵਡੇ ਵਪਾਰੀਆਂ ਤੇ ਕਾਰਖਾਨੇ ਵਾਲਿਆਂ ਨੂੰ ਬੁਲਾਓ, ਇਨ੍ਹਾਂ ਵਡੇ ਲੋਨ ਲੈਣੇ ਹੁੰਦੇ ਨੇ ਤੇ ਇੰਤਜ਼ਾਰ ਕਰ ਸਕਦੇ ਨੇ, ਮੈਂ ਉਹਨਾਂ ਨੂੰ ਆਖੀਰ ਵਿਚ ਮਿਲਾਂਗਾ।"

ਸਰਦਾਰ ਇੰਦਰਜੀਤ ਸਿੰਘ ਜੀ ਮੇਰੇ ਬਾਬਾ ਤੇ ਪਿਤਾ ਪੰਥ ਦੇ ਪ੍ਰਸਿਧ ਕੀਰਤਨਈਏ, ਚੀਫ਼ ਖਾਲਸਾ ਦੀਵਾਨ ਦੇ ਮੁਢਲੇ ਸੇਵਕ ਅਤੇ ਭਾਈ ਵੀਰ ਸਿੰਘ ਜੀ ਦੇ ਨਿਕਟ ਵਰਤੀ ਭਾਈ ਸੁਧ ਸਿੰਘ ਪ੍ਰਧਾਨ ਸਿੰਘ ਜੀ ਨਾਲ ਬੜਾ ਪ੍ਰੇਮ ਤੇ ਸ਼ਰਧਾ ਰਖਦੇ ਸਨ ਤੇ ਉਨ੍ਹਾਂ ਦੇ ਵਡੇ ਕਦਰਦਾਨ ਤੋਂ ਪ੍ਰਸੰਸਕ ਸਨ। ਇਸ ਨਾਤੇ ਉਹ ਮੇਰੀ ਵੀ ਕਦਰ ਕਰਦੇ ਸਨ, ਪਰ ਜਦ ਉਹ ਮੇਰੀ, ਕਵਿਤਾ, ਸੰਗੀਤ ਤੇ ਲੇਖਣੀ ਨਾਲ ਪ੍ਰੀਚਤ ਹੋ ਗਏ ਤਾਂ ਉਹ ਮੇਰੇ ਹੋਰ ਵੀ ਪ੍ਰਸੰਸਕ ਬਣ ਗਏ ਤੇ ਜਦੋਂ ਵੀ ਮੈਂ ਉਨ੍ਹਾਂ ਨੂੰ ਮਿਲਣ ਜਾਂਦਾ, ਉਹ ਮੈਨੂੰ ਸਭ ਤੋਂ ਪਹਿਲਾਂ ਬੁਲਾ ਕੇ ਮਿਲਦੇ। ਇਕ ਵਾਰੀ ਜਦੋਂ ਮੈਂ ਉਨ੍ਹਾਂ ਨੂੰ ਆਪਣੇ ਮੈਟ੍ਰਿਕ ਪਾਸ ਲੜਕੇ ਜਸਕਰਨ ਸਿੰਘ ਨੂੰ ਨੌਕਰੀ ਦੇਣ ਲਈ ਕਿਹਾ ਤਾਂ ਉਨ੍ਹਾਂ ਨੇ ਉਸ ਨੂੰ ਮੇਰੀ ਮਰਜ਼ੀ ਦੀ ਬ੍ਰਾਂਚ ਕਨਾਟ ਪਲੇਸ ਵਿਚ ਹੀ ਕੈਸ਼ੀਅਰ– ਕਲਰਕ ਦੀ ਨੌਕਰੀ ਤੇ ਲਗਾ ਦਿਤਾ। ਇਹ ਵਖਰੀ ਗਲ ਹੈ ਕਿ ਸਾਲ ਪਿਛੋਂ ਹੀ ਮੇਰੇ ਲੜਕੇ ਨੇ, ਬ੍ਰਾਂਚ ਮੈਨੇਜਰ ਦੀ ਘੁਰਕੀ ਨਾ ਸਹਿਕੇ,

ਮੈਨੂੰ ਦੱਸੇ ਬਿਨਾਂ ਹੀ ਅਸਤੀਫ਼ਾ ਦੇ ਦਿਤਾ। ਜਦ ਮੈਨੇਜਰ ਨੇ ਸ੍ਰਦਾਰ ਜੀ ਨੂੰ ਦਸਿਆ ਕਿ ਰਤਨ ਜੀ ਦਾ ਲੜਕਾ ਅਸਤੀਫ਼ਾ ਦੇ ਗਿਆ ਹੈ ਤਾਂ ਉਨ੍ਹਾਂ ਨੇ ਮੈਨੂੰ ਬੁਲਾ ਕੇ ਦਸਿਆ, ਕਿ ਤੁਹਾਡਾ ਥਰਡ ਡਿਵੀਜ਼ਨ ਵਿਚ ਮੈਟ੍ਰਿਕ ਪਾਸ ਲੜਕਾ, ਜਿਸ ਨੂੰ ਮੈਂ ਤੁਹਾਡਾ ਤੇ ਤੁਹਾਡੇ ਖ਼ਾਨਦਾਨ ਦਾ ਸਤਿਕਾਰ ਰਖਦਿਆਂ, ਨੌਕਰੀ ਦੇ ਦਿਤੀ ਸੀ, ਅਸਤੀਫ਼ਾ ਦੇ ਗਿਆ ਹੈ। ਉਨ੍ਹਾਂ ਨੇ ਮੈਨੂੰ ਕਿਹਾ ਕਿ ਮੇਰੇ ਦਿਲ ਵਿਚ ਇਹ ਇਛਾ ਸੀ ਕਿ ਜੇ ਇਹ ਲੜਕਾ ਦੋ ਤਿੰਨ ਸਾਲ ਕੱਢ ਗਿਆ ਤਾਂ ਇਸ ਨੂੰ ਅਫ਼ੀਸਰ ਤੇ ਜੇ ਪੰਜ ਛੇ ਸਾਲ ਕਢ ਗਿਆ ਤਾਂ ਕਿਸੇ ਬ੍ਰਾਂਚ ਦਾ ਮੈਨੇਜਰ ਵੀ ਲਗਾ ਦਿਆਂਗਾ ਪਰ ਤੁਹਾਡੇ ਲੜਕੇ ਨੂੰ ਸ਼ਾਇਦ ਬੈਂਕ ਦੀ ਨੌਕਰੀ ਪਸੰਦ ਨਹੀਂ। ਦਰਅਸਲ ਗਲ ਵੀ ਇਹੀ ਸੀ। ਮੇਰਾ ਲੜਕਾ ਆਜ਼ਾਦੀ ਪਸੰਦ ਤਬੀਅਤ ਰਖਦਾ ਸੀ। ਦਸ ਵਜੇ ਠੀਕ ਸਮੇਂ ਪੁਜਣਾ ਤੇ ਪੰਜ ਵਜੇ ਤਕ ਬੈਠਣਾ ਤੇ ਕਦੀ ਕਦੀ ਪੰਜ ਵਜੇ ਤੋਂ ਬਾਅਦ ਵੀ ਬੈਠਣਾ ਪੈਣਾ, ਉਸਨੂੰ ਪਸੰਦ ਨਹੀਂ ਸੀ। ਉਹ ਆਜ਼ਾਦ ਰਹਿਕੇ ਕੋਈ ਕਾਰੋਬਾਰ ਕਰਨਾ ਚਾਹੁੰਦਾ ਸੀ। (ਉਹ ਆਪਣੀ ਬੀਵੀ ਬੱਚੇ ਸਮੇਤ ਕੈਨੇਡਾ ਚਲਾ ਗਿਆ ਤੇ ਅੱਜ ਕਲ੍ਹ ਟੋਰੰਟੋ ਰਹਿੰਦਾ ਹੈ।)

ਕਿਉਂਕਿ ਪੰਜਾਬ ਸਿੰਧ ਬੈਂਕ ਨੂੰ ਸ਼ੁਰੂ ਕਰਨ ਵਾਲੇ, ਚੀਫ ਖਾਲਸਾ ਦੀਵਾਨ ਦੇ ਸੇਵਕ ਭਾਈ ਵੀਰ ਸਿੰਘ ਜੀ, ਸ੍ਰ. ਸੁੰਦਰ ਸਿੰਘ ਮਜੀਠੀਆ ਤੇ ਸ੍ਰ. ਤ੍ਰਿਲੋਚਨ ਸਿੰਘ ਸਨ ਅਤੇ ਉਨ੍ਹਾਂ ਦੇ ਮਨ ਵਿਚ ਇਸ ਬੈਂਕ ਰਾਹੀਂ ਸਿੱਖ ਪੰਥ ਦੀ ਸੇਵਾ ਕਰਨ ਦਾ ਨਿਸ਼ਾਨਾ ਸੀ, ਇਸ ਲਈ ਮੁਢ ਤੋਂ ਹੀ ਇਸ ਬੈਂਕ ਦਾ ਢਾਂਚਾ ਸਿਖ ਕੈਰੈਕਟਰ ਦਾ ਪ੍ਰਤੀਕ ਸੀ। ਇਸ ਦੇ ਬਾਨੀਆਂ ਦਾ ਵਿਚਾਰ ਸੀ ਕਿ ਇਸ ਵਿਚ ਸਿਖ ਲੜਕੇ ਲੜਕੀਆਂ ਨੂੰ ਨੌਕਰੀ ਮਿਲੇ, ਸਿੱਖਾਂ ਨੂੰ ਕੰਮ ਕਾਜ ਲਈ ਕਰਜ਼ਾ ਮਿਲੇ, ਤੇ ਸਿਖੀ ਵਿਚਾਰਾਂ ਦੇ ਸਿਖ ਤੇ ਸਹਿਜਧਾਰੀ ਇਸ ਨੂੰ ਆਪਣਾ ਬੈਂਕ ਸਮਝ ਕੇ ਅਪਨਾਣ ਤੇ ਡੀਪਾਜ਼ਟ ਇਸ ਵਿਚ ਹੀ ਰਖਣ। ਉਸ ਵੇਲੇ ਪੰਜਾਬ ਤੋਂ ਇਲਾਵਾ ਸਿੰਧ ਵਿਚ ਵੀ, ਸਿਖੀ ਪ੍ਰਚਾਰ ਦੀ ਲਹਿਰ ਚਲ ਰਹੀ ਸੀ। ਸਹਿਜਧਾਰੀ ਸਿੰਧੀ ਗੁਰੂ ਨਾਨਕ ਦੇਵ ਜੀ ਦੀ ਅਰਾਧਨਾ ਤੇ ਪੂਜਾ ਕਰਦੇ ਸਨ। ਚੀਫ਼ ਖਾਲਸਾ ਦੀਵਾਨ ਦਾ ਵੀ ਸਿੰਧ ਵਿਚ ਚੰਗਾ ਪ੍ਰਚਾਰ ਸੀ। ਮੈਨੂੰ ਯਾਦ ਹੈ ਕਿ ਮੇਰੇ ਪਿਤਾ ਜੀ ਦਾ ਰਾਗੀ ਜਥਾ ਸਾਲ ਵਿਚ ਤਿੰਨ ਚਾਰ ਮਹੀਨੇ ਸਿੰਧ ਵਿਚ ਰਹਿੰਦਾ ਸੀ ਅਤੇ ਹੈਦਰਾਬਾਦ, ਕਰਾਚੀ, ਸ਼ਿਕਾਰਪੁਰ ਤੇ ਸਖਰ ਵਿਚ ਉਨ੍ਹਾਂ ਦੇ ਬਹੁਤ ਕੀਰਤਨ ਹੁੰਦੇ ਸਨ। ਉਥੇ ਕਈ ਸਿੰਧੀਆਂ ਨੇ ਆਪਣੇ ਲੜਕੇ ਵੀ ਸਿੰਘ ਸਜਾ ਦਿਤੇ ਸਨ। ਉਹ ਪ੍ਰਵਾਰ ਜੋ ਭਾਈ ਵੀਰ ਸਿੰਘ ਜੀ ਦੀ ਸੰਗਤ ਵਿਚ ਆਏ, ਉਹਨਾਂ ਨੇ ਤਾਂ ਆਪਣੇ ਘਰ ਦਾ ਇਕ ਜੀਅ ਤਾਂ ਜ਼ਰੂਰ ਹੀ ਸਿੰਘ ਸਜਾ ਦਿਤਾ ਸੀ। ਆਸ ਸੀ ਕਿ ਸਿੰਧੀ ਸਿੱਖ ਵੀ ਇਸ ਬੈਂਕ ਨੂੰ ਜ਼ਰੂਰ ਅਪਨਾਣਗੇ, ਇਸ ਲਈ ਇਸ ਦਾ ਨਾਂ 'ਪੰਜਾਬ ਐਂਡ ਸਿੰਧ ਬੈਂਕ' ਰਖਿਆ ਗਿਆ ਸੀ।

ਡਾ. ਇੰਦਰਜੀਤ ਸਿੰਘ ਜੀ ਨੇ ਇਸ ਬੈਂਕ ਦਾ ਸਿੱਖ ਕੈਰੈਕਟਰ ਕਾਇਮ ਰਖਿਆ। ਉਹ ਨੌਕਰੀ ਦੇਣ ਲਗਿਆਂ ਸਿਖਾਂ ਅਤੇ ਸਹਿਜਧਾਰੀਆਂ ਦੇ ਮੁੰਡਿਆਂ ਕੁੜੀਆਂ ਨੂੰ ਤਰਜੀਹ ਦੇਂਦੇ ਸਨ। ਇਕ ਵਾਰੀ ਮੈਂ ਆਪਣੇ ਕਿਸੇ ਰਿਸ਼ਤੇਦਾਰ ਦੀ ਸਫ਼ਾਰਸ਼ ਤੇ ਉਸ ਦੇ ਕਿਸੇ ਮੁਸਲਮਾਣ ਦੋਸਤ ਦੇ ਲੜਕੇ ਦੀ ਦਰਖ਼ਾਸਤ ਲੈ ਕੇ ਸ੍ਰਦਾਰ ਜੀ ਪਾਸ ਗਿਆ।

ਸਰਦਾਰ ਜੀ ਕਹਿਣ ਲਗੇ, "ਰਤਨ ਜੀ, ਹਿੰਦੁਸਤਾਨ ਵਿਚ ਕਿੰਨੇ ਹੀ ਬੈਂਕ ਹਨ, ਤੇ ਸਾਡੇ ਬੈਂਕ ਨਾਲੋਂ ਬਹੁਤ ਵਡੇ ਹਨ, ਪਰ ਜੇ ਤੁਸੀਂ ਸਾਰੇ ਹਿੰਦੁਸਤਾਨ ਦੇ ਬੈਂਕ ਮੁਲਾਜ਼ਮਾਂ ਨੂੰ ਗਿਣੋ ਤਾਂ ਸਿੱਖ ਮੁਲਾਜ਼ਮਾਂ ਦੀ ਗਿਣਤੀ ਅਧਾ ਫ਼ੀਸਦੀ ਵੀ ਨਹੀਂ। ਸਾਊਥ ਇੰਡੀਆ ਦੇ ਕਈ ਬੈਂਕਾਂ ਵਿਚ ਤਾਂ ਤੁਹਾਨੂੰ ਇਕ ਵੀ ਸਿੱਖ ਨਜ਼ਰ ਨਹੀਂ ਆਵੇਗਾ। ਹਾਂ ਉਤਰੀ ਭਾਰਤ ਵਿਚ ਤੁਹਾਨੂੰ ਕਿਸੇ ਕਿਸੇ ਬੈਂਕ ਵਿਚ ਇਕ ਅਧਾ ਸਿੱਖ ਨਜ਼ਰ ਆਵੇਗਾ। ਇਸਦਾ ਕਾਰਨ ਇਹ ਹੈ ਕਿ ਇਨ੍ਹਾਂ ਬੈਂਕਾਂ ਵਿਚ ਭਰਤੀ ਕਰਨ ਵਾਲੇ ਆਪਣੇ ਪ੍ਰਾਂਤਾਂ, ਧਰਮ ਤੇ ਬੋਲੀ ਵਾਲੇ ਬੰਦਿਆਂ ਨੂੰ ਤਰਜੀਹ ਦੇਂਦੇ ਹਨ। ਸਿੱਖਾਂ ਨੂੰ ਬਿਲਕੁਲ ਨਜ਼ਰ ਅੰਦਾਜ਼ ਕੀਤਾ ਜਾਂਦਾ ਹੈ। ਹੋਰ ਧਰਮਾਂ ਦੇ ਉਮੀਦਵਾਰਾਂ ਲਈ, ਹੋਰ ਬੈਂਕਾਂ ਵਿਚ ਲਗਣ ਦੇ ਚਾਂਸ ਸਿੱਖ ਉਮੀਦਵਾਰ ਨਾਲੋਂ ਜ਼ਿਆਦਾ ਹਨ। ਇਸ ਲਈ ਜੇ ਅਸੀਂ ਸਿਖਾਂ ਨੂੰ ਪਹਿਲ ਦੇਈਏ, ਤਾਂ ਇਸ ਵਿਚ ਕੋਈ ਮਾੜੀ ਗਲ ਨਹੀਂ। ਇਸ ਨਾਲ ਉਨ੍ਹਾਂ ਨਾਲ ਬਾਕੀ ਬੈਂਕਾਂ ਵਲੋਂ ਹੋਈ ਨਾ ਇਨਸਾਫੀ ਦੀ ਕੁਝ ਨਾ ਕੁਝ ਤਲਾਫ਼ੀ ਹੋ ਜਾਵੇਗੀ।" (ਵੈਸੇ ਸ੍ਰਦਾਰ ਜੀ ਨੇ ਹਿੰਦੂ ਵੀ ਭਰਤੀ ਕੀਤੇ, ਪਰ ਪੰਜਾਬੀ)

ਇਕ ਵਾਰੀ ਮੈਂ ਸਰਦਾਰ ਜੀ ਨੂੰ, ਉਨ੍ਹਾਂ ਦੇ ਕਨਾਟ ਪਲੇਸ ਵਾਲੇ ਦਫਤਰ ਵਿਚ ਮਿਲਣ ਲਈ ਗਿਆ। ਮੇਰੇ ਬੈਠਿਆਂ ਖਡੂਰ ਸਾਹਿਬ ਦੇ ਇਕ ਸੰਤ ਜੀ ਵੀ ਉਨ੍ਹਾਂ ਨੂੰ ਮਿਲਣ ਆ ਗਏ। ਉਨ੍ਹਾਂ ਨੇ ਉਠ ਕੇ ਸੰਤ ਜੀ ਦਾ ਆਦਰ ਕੀਤਾ ਤੇ ਉਹਨਾਂ ਨੂੰ ਸੋਫ਼ੇ ਤੇ ਬਿਠਾਇਆ। ਫਿਰ ਇਕ ਕਰਮਚਾਰੀ ਨੂੰ ਸੰਤਾਂ ਲਈ ਚਾਹ ਪਾਣੀ ਭੇਜਣ ਲਈ ਕਿਹਾ ਤੇ ਸੰਤਾਂ ਨੂੰ ਕਿਹਾ "ਪਹਿਲਾਂ ਚਾਹ ਪਾਣੀ ਛਕ ਲਓ, ਫਿਰ ਗਲ ਕਰਦੇ ਹਾਂ" ਥੋੜੇ ਚਿਰ ਵਿਚ ਹੀ ਸੰਤਾਂ ਲਈ ਦੋ ਤਿੰਨ ਮਿਠਿਆਈਆਂ ਤੇ ਬਿਸਕੁਟ ਆਦਿ ਨਾਲ ਪੁਰਤਕੱਲਫ਼ ਚਾਹ ਆ ਗਈ। ਜਦੋਂ ਸੰਤ ਜੀ ਚਾਹ ਛਕ ਚੁਕੇ ਤਾਂ ਸਰਦਾਰ ਜੀ ਆਪਣੀ ਕੁਰਸੀ ਤੋਂ ਉਠ ਕੇ ਸੰਤ ਜੀ

ਨਾਲ ਸੋਫ਼ੇ ਤੇ ਆ ਬੈਠੇ ਤੇ ਪੁਛਿਆ ਕਿ ਉਨ੍ਹਾਂ ਕਿਵੇਂ ਦਰਸ਼ਨ ਦਿਤੇ ਸਨ। ਸੰਤਾਂ ਨੇ ਕਿਹਾ, "ਮੈਂ ਤੁਹਾਨੂੰ ਆਪਣੇ ਇਲਾਕੇ ਦੇ ਅਕਾਲੀ ਜਥੇਦਾਰ ਦੇ ਲੜਕੇ ਨੂੰ ਬੈਂਕ ਦੀ ਨੌਕਰੀ ਦੇਣ ਲਈ ਬੇਨਤੀ ਕੀਤੀ ਸੀ, ਜੋ ਤੁਸੀਂ ਮੰਨ ਲਈ, ਪਰ ਹੁਣ ਉਸ ਲੜਕੇ ਨੂੰ ਬੰਬਈ ਦੀ ਇਕ ਬ੍ਰਾਂਚ ਜਾਇਨ ਕਰਨ ਦੇ ਆਰਡਰ ਹੋ ਗਏ ਹਨ। ਸਾਡਾ ਜਥੇਦਾਰ ਚਾਹੁੰਦਾ ਹੈ ਕਿ ਉਸਦੇ ਲੜਕੇ ਨੂੰ ਪੰਜਾਬ ਵਿਚ ਲਗਾਇਆ ਜਾਵੇ, ਇਸ ਲਈ ਉਸਨੇ ਮੈਨੂੰ ਫਿਰ ਤੁਹਾਡੇ ਪਾਸ ਘਲਿਆ ਹੈ।" ਸ੍ਰਦਾਰ ਜੀ ਨੇ ਉਸ ਦੀ ਗਲ ਸੁਣ ਕੇ ਕਿਹਾ, "ਸੰਤ ਜੀ ਮੈਂ ਤੁਹਾਨੂੰ ਦੋ ਤਿੰਨ ਗਲਾਂ ਪੁਛਦਾ ਹਾਂ, ਤੁਸੀਂ ਉਹਨਾਂ ਦਾ ਉਤਰ ਦੇ ਕੇ ਆਪ ਹੀ ਫ਼ੈਸਲਾ ਕਰਨਾ ਕਿ ਲੜਕੇ ਨੂੰ ਕਿਥੇ ਲਗਾਇਆ ਜਾਵੇ। ਸਭ ਤੋਂ ਪਹਿਲਾਂ ਇਹ ਦਸੋ ਕਿ ਬੈਂਕ ਦੀਆਂ ਹੋਰ ਬ੍ਰਾਂਚਾਂ ਖੋਲ੍ਹੀਏ ਕਿ ਨਾ ?" ਸੰਤ ਜੀ ਨੇ ਕਿਹਾ "ਜ਼ਰੂਰ ਖੋਲ੍ਹੋ" ਸਰਦਾਰ ਜੀ ਨੇ ਫਿਰ ਪੁਛਿਆ ਪੰਜਾਬ ਵਿਚ ਤਾਂ ਬ੍ਰਾਂਚਾਂ ਕਾਫ਼ੀ ਹਨ, ਹਿੰਦੁਸਤਾਨ ਦੇ ਦੂਜੇ ਸੂਬਿਆਂ ਵਿਚ ਵੀ ਬ੍ਰਾਂਚਾਂ ਖੋਲ੍ਹੀਏ ਕਿ ਨਾ ?" ਸੰਤ ਜੀ ਨੇ ਫਿਰ ਉਤਰ ਦਿਤਾ "ਜ਼ਰੂਰ ਖੋਲ੍ਹੋ।" ਸਰਦਾਰ ਜੀ ਨੇ ਫਿਰ ਪੁਛਿਆ, "ਦੂਜੇ ਸੂਬਿਆਂ ਦੀਆਂ ਬ੍ਰਾਂਚਾਂ ਵਿਚ ਸਿਖ ਤੇ ਪੰਜਾਬੀ ਮੁੰਡੇ ਲਗਾਈਏ, ਜਾਂ ਉਥੋਂ ਦੇ ਹੀ ਲੋਕਲ ਬੰਦੇ ਭਰਤੀ ਕਰ ਲਈਏ ?" ਸੰਤ ਜੀ ਨੇ ਕਿਹਾ, "ਸਿਖ ਮੁੰਡੇ ਜ਼ਰੂਰ ਭਰਤੀ ਕਰੋ" ਤਾਂ ਸ੍ਰਦਾਰ ਜੀ ਨੇ ਕਿਹਾ "ਮੁੰਡੇ ਤਾਂ ਨਵੀਆਂ ਬ੍ਰਾਂਚਾਂ ਲਈ ਭਰਤੀ ਕੀਤੇ ਜਾਂਦੇ ਹਨ, ਤੇ ਜੇ ਉਹ ਉਥੇ ਨਾ ਜਾਣਾ ਚਾਹੁੰਣ ਤਾਂ ਉਨ੍ਹਾਂ ਨੂੰ ਕਿਉਂ ਭਰਤੀ ਕਰੀਏ, ਕਿਉਂ ਨਾ ਉਥੋਂ ਦੇ ਲੋਕਲ ਬੰਦੇ ਭਰਤੀ ਕਰੀਏ। ਸੰਤ ਜੀ ਤੁਹਾਡੇ ਕਹੇ ਤੇ ਤੁਹਾਡੇ ਜਥੇਦਾਰ ਦੇ ਲੜਕੇ ਨੂੰ ਭਰਤੀ ਕਰ ਲਿਆ, ਪਰ ਜੇ ਉਹ ਹੁਣ ਸਾਨੂੰ ਇਹ ਡਿਕਟੇਟ ਕਰੇ ਕਿ ਮੈਂ ਫ਼ਲਾਣੀ ਬ੍ਰਾਂਚ ਵਿਚ ਜਾਣਾ ਹੈ ਤੇ ਫ਼ਲਾਣੀ ਵਿਚ ਨਹੀਂ, ਤਾਂ ਬੈਂਕ ਚਲ ਨਹੀਂ ਸਕਦਾ। ਆਪਣੇ ਜਥੇਦਾਰ ਨੂੰ ਜਾ ਕੇ ਕਹਿ ਦਿਓ, ਕਿ ਤੁਹਾਡੇ ਕਹੇ ਤੇ ਨੌਕਰੀ ਤਾਂ ਉਸ ਨੂੰ ਦੇ ਦਿਤੀ, ਪਰ ਪੋਸਟਿੰਗ ਬੈਂਕ ਦੀ ਮਰਜ਼ੀ ਤੇ ਲੋੜ ਅਨੁਸਾਰ ਹੋਵੇਗੀ। ਜੋ ਆਰਡਰ ਕੀਤੇ ਗਏ ਹਨ ਤਬਦੀਲ ਨਹੀਂ ਹੋਣਗੇ, ਮਰਜ਼ੀ ਹੈ ਨੌਕਰੀ ਕਰੇ ਜਾਂ ਨਾ ਕਰੇ।" ਸੰਤ ਜੀ ਨਿਰ ਉਤਰ ਹੋ ਗਏ ਤੇ ਸਰਦਾਰ ਜੀ ਦੇ ਵਿਚਾਰ ਨਾਲ ਸਹਿਮਤੀ ਪ੍ਰਗਟ ਕਰਦੇ ਵਾਪਸ ਪਰਤ ਗਏ।

ਇਕ ਵਾਰ ਮੈਂ ਫਿਰ ਉਨ੍ਹਾਂ ਨੂੰ ਮਿਲਣ, ਕਨਾਟ ਪਲੇਸ ਵਾਲੇ ਦਫ਼ਤਰ ਹੀ ਗਿਆ, ਤਾਂ ਥਲੇ ਕੁਝ ਮੁੰਡੇ ਉਨ੍ਹਾਂ ਦੇ ਤੇ ਬੈਂਕ ਪ੍ਰਬੰਧਕਾਂ ਦੇ ਵਿਰੁਧ ਨਾਅਰੇ ਲਗਾ ਰਹੇ ਸਨ। ਮੈਂ ਸ੍ਰਦਾਰ ਜੀ ਨੂੰ ਪੁਛਿਆ, ਇਹ ਥਲੇ ਨਾਅਰੇ ਬਾਜ਼ੀ ਕਿਉਂ ਹੋ ਰਹੀ ਹੈ ?" ਸਰਦਾਰ ਜੀ ਨੇ ਕਿਹਾ, "ਰਤਨ ਜੀ, ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ, ਇਨ੍ਹਾਂ ਵਿਚੋਂ ਬਹੁਤੇ ਮੁੰਡੇ ਤੁਹਾਡੇ ਵਰਗੇ ਦੋਸਤਾਂ ਅਕਾਲੀ ਤੇ ਲੀਡਰਾਂ, ਵਡੇ ਅਫ਼ਸਰਾਂ ਆਦਿ ਦੀਆਂ ਸਫ਼ਾਰਸ਼ਾਂ ਤੇ ਲਗੇ ਹਨ, ਆਪਣੀ ਕਾਬਲੀਅਤ ਜਾਂ ਕੋਈ ਇਮਤਿਹਾਨ ਪਾਸ ਕਰਕੇ ਨਹੀਂ ਆਏ। ਨੌਕਰੀ ਲੈਣ ਵੇਲੇ ਤਾਂ ਇਹ ਮਿੰਨਤਾਂ ਤਰਲੇ, ਘਰਾਂ ਦੀਆਂ ਮਜਬੂਰੀਆਂ, ਆਪਣੀਆਂ ਘਾਟਾਂ ਤੇ ਲੋੜਾਂ ਥੋੜ੍ਹਾਂ ਦੇ ਵਾਸਤੇ ਪਾਂਦੇ ਹਨ, ਪਰ ਜਦੋਂ ਲਗ ਗਏ ਹਨ ਤਾਂ ਟਰੇਡ ਯੂਨੀਅਨਾਂ ਬਣਾ ਕੇ, ਆਪਣੀਆਂ ਨਾਜਾਇਜ਼ ਮੰਗਾਂ ਮੰਨਾਣ ਲਈ, ਮੇਰੇ ਸਮੇਤ ਸਭ ਤੇ ਚਿਕੜ ਉਛਾਲ ਰਹੇ ਹਨ, ਆਪਣੇ ਅੰਦਰ ਝਾਤ ਮਾਰਕੇ ਨਹੀਂ ਵੇਖਦੇ ਕਿ ਇਹ ਕਿਸ ਯੋਗ ਹਨ ਤੇ ਕਿਤਨੇ ਹਕਦਾਰ ਹਨ। ਇਸ ਤੋਂ ਵਡੀ ਆਕ੍ਰਿਤਘਣਤਾ ਕੀ ਹੋ ਸਕਦੀ ਹੈ।

ਮੇਰੀ ਰੇਡੀਓ ਤੇ ਦੂਰਦਰਸ਼ਨ ਦੀ ਨੌਕਰੀ ਦੇ ਦੌਰਾਨ ਡਾ. ਇੰਦਰਜੀਤ ਸਿੰਘ ਜੀ ਨੇ ਇਤਿਹਾਸਕ ਸਮਾਰੋਹਾਂ ਤੇ ਸ਼ਤਾਬਦੀਆਂ ਸਮੇਂ ਮੈਨੂੰ ਰੀਕਾਰਡ ਅਤੇ ਟੀ. ਵੀ. ਕਵਰੇਜ ਲਈ ਹਰ ਤਰ੍ਹਾਂ ਦੀ ਸਹੂਲੀਅਤ, ਬੈਂਕ ਵਲੋਂ ਦਿਤੀ। 1977 ਵਿਚ ਅੰਮ੍ਰਿਤਸਰ ਸ਼ਹਿਰ ਦੀ ਸਥਾਪਤੀ ਦੇ 400 ਸਾਲਾ ਸਮਾਰੋਹਾਂ ਲਈ ਮੈਨੂੰ ਸ੍ਰਦਾਰ ਜੀ ਨੇ ਕਈ ਦਿਨ ਬੈਂਕ ਦੀ ਕਾਰ ਤੇ ਡਰਾਈਵਰ ਪੈਟਰੋਲ ਸਮੇਤ ਦਿਤੀ ਰਖਿਆ। ਇਸ ਸਮਾਰੋਹ ਤੇ ਉਹ ਸੁਆਗਤ ਕਮੇਟੀ ਦੇ ਪ੍ਰਧਾਨ ਸਨ। ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਮੁਰਾਰਜੀ ਡੀਸਾਈ, ਕਸ਼ਮੀਰ ਦੇ ਮੁਖ ਮੰਤਰੀ ਸ਼ੇਖ ਅਬਦੁਲਾ, ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਆਦਿ ਭਾਰਤ ਦੇ ਅਨੇਕਾਂ ਉਚ ਵਿਅਕਤੀ ਅੰਮ੍ਰਿਤਸਰ ਪੁਜੇ ਹੋਏ ਸਨ। ਮੈਂ ਜਲੰਧਰ-ਅੰਮ੍ਰਿਤਸਰ ਟੀ. ਵੀ. ਵਲੋਂ ਇਨ੍ਹਾਂ ਸਮਾਗਮਾਂ ਦੀ ਕਵਰੇਜ ਲਈ ਪੁਜਾ ਹੋਇਆ ਸਾਂ। ਸਾਡੇ ਡਾਇਰੈਕਟਰ ਸ੍ਰ. ਤਾਤਾਰੀ, ਹੋਰ . ਇੰਨਜੀਨੀਅਰ, ਕੈਮਰਾਮੈਨ ਆਦਿ ਸਾਰੇ ਪੁਜੇ ਹੋਏ ਸਨ। ਤਾਤਾਰੀ ਸਾਹਿਬ ਨੇ ਮੈਨੂੰ ਸਿਖ ਇਤਿਹਾਸ ਦਾ ਮਾਹਰ ਅਤੇ ਸ਼੍ਰੋਮਣੀ ਕਮੇਟੀ ਤੇ ਹੋਰ ਪ੍ਰਬੰਧਕਾਂ ਨਾਲ ਜ਼ਾਤੀ ਵਾਕਫ਼ੀਅਤ ਤੇ ਅਸਰ ਰਸੂਖ ਹੋਣ ਕਾਰਨ ਇਸ ਵਡੇ ਅਵਸਰ ਤੇ ਟੀ. ਵੀ. ਵਲੋਂ ਯੋਗ ਪ੍ਰੋਗਰਾਮ ਕਰਨ ਲਈ ਵਡੀ ਜ਼ਿਮੇਂਵਾਰੀ ਸੌਂਪੀ ਹੋਈ ਸੀ ਤੇ ਮੇਰੇ ਸਲਾਹ ਮਸ਼ਵਰੇ ਤੇ ਸੁਝਾਵਾਂ ਨਾਲ ਸਭ ਕੰਮ ਹੋ ਰਿਹਾ ਸੀ। ਅਸਾਂ ਇਨ੍ਹਾਂ ਸਮਾਰੋਹਾਂ ਦੇ ਕਈ ਅਹਿਮ ਸਮਾਗਮਾਂ ਨੂੰ ਸਿਧਾ ਨਾਲੋਂ- ਨਾਲ ਟੀ. ਵੀ. ਤੇ ਦਿਖਾਣ ਦਾ ਵੀ ਪ੍ਰਬੰਧ ਕੀਤਾ ਹੋਇਆ ਸੀ, ਜਿਸ ਲਈ ਸਾਨੂੰ ਬਹੁਤ ਵਡੇ ਪ੍ਰਬੰਧ ਕਰਨੇ ਪਏ ਸਨ, ਕਿਉਂਕਿ ਉਦੋਂ ਅਜ ਵਰਗੀਆਂ ਤਕਨੀਕੀ ਸਹੂਲਤਾਂ ਤੇ ਯੰਤਰ ਨਹੀਂ ਸਨ। ਅਸਾਂ ਬਾਬਾ ਅਟਲ ਦੇ ਉਚੇ ਬੁਰਜ ਨੂੰ ਵੀ ਉਪਰ ਐਨਟੀਨੇ ਤੇ ਹੋਰ ਯੰਤਰ ਲਾ ਕੇ ਵਰਤਿਆ ਸੀ। ਪ੍ਰਿੰਸੀਪਲ ਸਤਿਬੀਰ ਸਿੰਘ, ਜੋ ਸ਼੍ਰੋਮਣੀ ਕਮੇਟੀ ਦੇ

ਮੈਂਬਰ ਵੀ ਸਨ ਅਤੇ ਸ੍ਰ. ਗੁਰਚਰਨ ਸਿੰਘ ਟੌਹੜਾ ਤੇ ਡਾ. ਇੰਦਰਜੀਤ ਸਿੰਘ, ਦੋਹਾਂ ਦੇ ਬਹੁਤ ਨਜ਼ਦੀਕ ਸਨ, ਨੇ ਸਾਨੂੰ ਸਾਰੇ ਕੰਮ ਵਿਚ ਪੂਰਾ ਮਿਲਵਰਤਣ ਤੇ ਮਦਦ ਦਿਵਾਈ।

ਸ੍ਰੀ ਮੁਰਾਰਜੀ ਡੀਸਾਈ, ਸ਼ੇਖ ਅਬਦੁਲਾ, ਸ੍ਰੀ ਅਡਵਾਨੀ ਤੇ ਹੋਰ ਉਘੇ ਵਿਅਕਤੀਆਂ ਦਾ ਸਨਮਾਨ ਕਰਕੇ ਸਿਰੋਪਾ ਦਿਤਾ ਜਾਣੇ ਸਨ। ਡਾ. ਇੰਦਰਜੀਤ ਸਿੰਘ ਜੀ ਨੇ ਮੇਰਾ ਨਾਂ ਵੀ ਸਿਰੋਪਾ ਲੈਣ ਵਾਲਿਆਂ ਵਿਚ ਸ਼ਾਮਲ ਕਰ ਦਿਤਾ। ਮੈਂ ਉਨ੍ਹਾਂ ਨੂੰ ਕਿਹਾ, ਕਿ ਸਾਡਾ ਡਾਇਰੈਕਟਰ ਵੀ ਨਾਲ ਆਇਆ ਹੋਇਆ ਹੈ। ਉਹ ਕਹੇਗਾ ਕਿ ਮੇਰੇ ਇਕ ਅਫ਼ਸਰ ਨੂੰ ਤਾਂ ਦਿਤਾ ਗਿਆ ਹੈ, ਮੈਨੂੰ ਕਿਸੇ ਨਹੀਂ ਪੁਛਿਆ, ਇਸ ਲਈ ਉਸਨੂੰ ਵੀ ਸਿਰੋਪਾ ਦਿਤਾ ਜਾਵੇ। ਸ੍ਰਦਾਰ ਇੰਦਰਜੀਤ ਸਿੰਘ ਜੀ ਨੇ ਮੇਰਾ ਸੁਝਾਅ ਮੰਨ ਕੇ ਇਸੇ ਤਰ੍ਹਾਂ ਹੀ ਕੀਤਾ। ਸਿਰੋਪੇ ਵਿਚ ਇਕ ਦਰਬਾਰ ਸਾਹਿਬ ਦਾ ਮਾਡਲ, ਇਕ ਦੁਸ਼ਾਲਾ, ਇਕ ਵਡੀ ਕ੍ਰਿਪਾਨ ਸ਼੍ਰੋਮਣੀ ਕਮੇਟੀ ਵਲੋਂ, ਤੇ ਗੁਰੂ ਰਾਮਦਾਸ ਜੀ ਦੀ ਵਡੀ ਤਸਵੀਰ, ਜੋ ਸੋਭਾ ਸਿੰਘ ਆਰਟਿਸਟ ਤੋਂ ਤਿਆਰ ਕਰਵਾਈ ਸੀ, ਪੰਜਾਬ ਸਰਕਾਰ ਵਲੋਂ ਦਿਤੀ ਗਈ। ਤਸਵੀਰ ਥਲੇ ਵਲੋਂ ਸ੍ਰ. ਪ੍ਰਕਾਸ਼ ਸਿੰਘ ਬਾਦਲ, ਮੁੱਖ ਮੰਤ੍ਰੀ ਪੰਜਾਬ ਲਿਖਿਆ ਹੋਇਆ ਸੀ। ਬਾਦਲ ਸਾਹਿਬ ਉਦੋਂ ਪੰਜਾਬ ਦੇ ਮੁਖ ਮੰਤਰੀ ਸਨ।

1979 ਵਿਚ ਗੁਰੂ ਅਮਰਦਾਸ ਜੀ ਦੀ ਪੰਜਵੀਂ ਸ਼ਤਾਬਦੀ ਵੇਲੇ ਵੀ, ਮੈਨੂੰ ਸ੍ਰਦਾਰ ਜੀ ਨੇ ਉਸੇ ਤਰ੍ਹਾਂ ਦੀਆਂ ਸਹੂਲਤਾਂ ਬੈਂਕ ਵਲੋਂ ਦਿਵਾਈਆਂ। ਇਨ੍ਹਾਂ ਸਾਰੇ ਸਮਾਰੋਹਾਂ ਵਿਚ ਬੈਂਕ ਵਲੋਂ ਸ੍ਰ. ਮਖਣ ਸਿੰਘ ਜੀ ਨੇ ਖ਼ਾਸ ਰੋਲ ਅਦਾ ਕੀਤਾ ਅਤੇ ਪ੍ਰਿੰ. ਸਤਿਬੀਰ ਸਿੰਘ ਤੇ ਸ੍ਰ. ਮਖਣ ਸਿੰਘ, ਡਾ. ਇੰਦਰਜੀਤ ਸਿੰਘ ਜੀ ਦੀ ਸਜੀ ਖਬੀ ਬਾਂਹ ਬਣ ਕੇ, ਸਾਰੇ ਧਾਰਮਕ ਪ੍ਰੋਗਰਾਮ ਸਿਰੇ ਚਾੜ੍ਹਦੇ ਰਹੇ (ਵੈਸੇ ਵੀ ਇਹ ਦੋਵੇਂ ਸਿਖ ਸਟੂਡੈਂਟਸ ਫ਼ੈਡਰੇਸ਼ਨ ਦੀ ਉਪਜ ਸਨ ਤੇ ਆਪੋ ਵਿਚ ਗੂਹੜੇ ਮਿਤਰ ਸਨ) ਸ੍ਰ. ਮਖਣ ਸਿੰਘ ਜੀ ਉਦੋਂ ਮੈਨੇਜਰ ਸਨ, ਫਿਰ ਚੀਫ਼ ਮੈਨੇਜਰ, ਫਿਰ ਰਿਜਨਲ ਮੈਨੇਜਰ, ਫਿਰ ਅਸਿਸਟੈਂਟ ਜਨਰਲ ਮੈਨੇਜਰ ਤੇ ਫਿਰ ਡਿਪਟੀ ਜਨਰਲ ਮੈਨੇਜਰ ਬਣੇ। ਸ੍ਰ. ਮਖਣ ਸਿੰਘ ਦਾ ਇਸ ਬੈਂਕ ਵਿਚ ਲਗਣਾ ਭੀ, ਸ੍ਰ. ਇੰਦਰਜੀਤ ਸਿੰਘ ਜੀ ਦੇ ਚਮਤਕਾਰੀ ਜੀਵਨ ਦਾ ਇਕ ਚਮਤਕਾਰ ਹੀ ਹੈ। ਸ੍ਰ. ਮਖਣ ਸਿੰਘ ਸਿੱਖ ਸਟੂਡੈਂਟ ਫ਼ੈਡਰੇਸ਼ਨ ਦੇ ਲੀਡਰਾਂ ਵਿਚੋਂ ਸਨ ਤੇ ਸ੍ਰ. ਇੰਦਰਜੀਤ ਸਿੰਘ ਜੀ ਇਸ ਫ਼ੈਡਰੇਸ਼ਨ ਦੀ ਸ੍ਰਪ੍ਰਸਤੀ ਕਰਨ ਦੇ ਨਾਤੇ, ਪ੍ਰਿੰ. ਸਤਿਬੀਰ ਸਿੰਘ ਸ੍ਰ. ਮਖਣ ਸਿੰਘ ਤੇ ਹੋਰ ਨੇਤਾਵਾਂ ਨੂੰ ਚੰਗੀ ਤਰ੍ਹਾਂ ਜਾਣਦੇ ਤੇ ਪਿਆਰ ਕਰਦੇ ਸਨ। 1970 ਵਿਚ ਸ੍ਰ. ਮਖਣ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਕਾਲਜ ਚੰਡੀਗੜ੍ਹ ਵਿਚ ਐਕਨਾਮਿਕਸ ਦੇ ਵਿਸ਼ੇ ਤੇ ਪੀ. ਜੀ. ਟੀ. ਅਧਿਆਪਕ ਦੀ ਨੌਕਰੀ ਤੇ ਨੀਯਤੀ ਦੀ ਚਿੱਠੀ ਆ ਗਈ। ਉਹ ਇਹ ਨੌਕਰੀ ਜਾਇਨ ਕਰਨ ਤੋਂ ਪਹਿਲਾਂ ਸ੍ਰ. ਇੰਦਰਜੀਤ ਸਿੰਘ ਜੀ ਪਾਸੋਂ ਆਸ਼ੀਰਵਾਦ ਲੈਣ ਗਏ। ਸ੍ਰ. ਇੰਦਰਜੀਤ ਸਿੰਘ ਜੀ ਬੜੇ ਮਰਦਮ ਸੁਨਾਸ਼ ਵਿਅਕਤੀ ਨੇ। ਬੰਦਿਆਂ ਦੀ ਪਹਿਚਾਣ ਕਰਨੀ, ਉਨ੍ਹਾਂ ਦਾ ਬੜਾ ਵਡਾ ਗੁਣ ਹੈ। ਉਨ੍ਹਾਂ ਸ੍ਰ. ਮਖਣ ਸਿੰਘ ਨੂੰ ਪੁਛਿਆ, "ਕਿਵੇਂ ਆਏ ਹੋ ? ਸ੍ਰ. ਮਖਣ ਸਿੰਘ ਆਪਣੀ ਨਵੀਂ ਮਿਲੀ ਨੌਕਰੀ ਬਾਰੇ ਦਸਦਿਆਂ ਕਿਹਾ ਕਿ ਉਥੇ ਜਾਣ ਤੋਂ ਪਹਿਲਾਂ ਤੁਹਾਡੀ ਆਸ਼ੀਰਵਾਦ ਲੈਣ ਆਇਆ ਹਾਂ। ਸ੍ਰਦਾਰ ਜੀ ਕਹਿਣ ਲਗੇ, "ਆਸ਼ੀਰਵਾਦ ਤਾਂ ਮੈਂ ਨਹੀਂ ਦੇਣੀ" ਸ੍ਰ. ਮਖਣ ਸਿੰਘ ਦੇ ਕਾਰਨ ਪੁਛਣ ਤੇ ਕਹਿਣ ਲਗੇ, "ਆਸ਼ੀਰਵਾਦ ਉਸ ਨੂੰ ਦੇਈਦੀ ਹੈ, ਜਿਸ ਨੂੰ ਜਾਣ ਦੇਣਾ ਹੋਵੇ, ਮੈਂ ਤੁਹਾਨੂੰ ਜਾਣ ਦੀ ਇਜਾਜ਼ਤ ਹੀ ਨਹੀਂ ਦੇ ਰਿਹਾ, ਤੁਸੀਂ ਬੈਂਕ ਦੀ ਨੌਕਰੀ ਕਰੋ।" ਇਹ ਕਹਿਕੇ ਉਨ੍ਹਾਂ ਸ੍ਰ. ਅਵਤਾਰ ਸਿੰਘ ਬਗਾ ਜੀ ਨੂੰ ਬੁਲਾ ਕੇ ਕਿਹਾ, ਕਿ "ਸ੍ਰ. ਮਖਣ ਸਿੰਘ ਨੂੰ ਅਸਿਸਟੈਂਟ ਮੈਨੇਜਰ ਦੀ ਪੋਸਟ ਦੀ ਨਿਯੁਕਤੀ ਦੀ ਚਿੱਠੀ ਦੇ ਦਿਓ" ਤੇ ਸ੍ਰ. ਮਖਣ ਸਿੰਘ ਨੂੰ ਕਿਹਾ ਕਿ "ਤੁਸੀਂ ਕਲ੍ਹ ਹੀ ਜਾਇਨ ਕਰੋ" ਉਹ ਕਹਿਣ ਲਗੇ ਕਿ ਮੈਂ ਭਵਿਸ਼ ਵਲ ਵੇਖਕੇ ਕਹਿ ਸਕਦਾ ਹਾਂ, "ਕਿ ਇਹ ਬੈਂਕ ਕਿਸੇ ਦਿਨ ਬੜਾ ਵਡਾ ਬੈਂਕ ਬਣੇਗਾ ਤੇ ਤੇਰੇ ਜਿਹੇ ਬੰਦਿਆਂ ਤੋਂ ਮੈਂ ਜੋ ਕੰਮ ਲੈਣਾ ਚਾਹੁੰਦਾ ਹਾਂ, ਉਹ ਤੂੰ ਕੇਵਲ ਇਵੇਂ ਹੀ ਕਰ ਸਕੇਂਗਾ।"

ਇਕ ਵਾਰੀ ਲਾਜਪਤ ਨਗਰ ਦੇ ਖਾਲਸਾ ਸਕੂਲ ਵਿਚ ਸਿਖ ਸਕੂਲਾਂ ਤੇ ਕਾਲਜਾਂ ਦੇ ਪ੍ਰਿੰਸੀਪਲਾਂ ਦੀ ਮੀਟਿੰਗ ਹੋਈ। ਗੁਰੂ ਤੇਗ ਬਹਾਦਰ ਕਾਲਜ ਦੇ ਪ੍ਰਿੰ. ਬਲ ਸਾਹਿਬ ਨੇ ਬੋਲਦਿਆਂ, ਸ੍ਰ. ਮਖਣ ਸਿੰਘ ਬਾਰੇ ਕਿਹਾ, ਕਿ "ਮੈਨੂੰ ਖ਼ਿਆਲ ਸੀ, ਕਿ ਸ੍ਰ. ਮਖਣ ਸਿੰਘ ਕਿਸੇ ਦਿਨ ਪ੍ਰਿੰ. ਸਾਹਿਬ ਸਿੰਘ, ਪ੍ਰੋ. ਤਾਰਨ ਸਿੰਘ ਤੇ ਪ੍ਰਿੰ. ਸਤਿਬੀਰ ਸਿੰਘ ਵਾਂਗ ਵਿਦਿਅਕ ਖੇਤਰ ਵਿਚ ਰਹਿ ਕੇ ਪੰਥ ਦੀ ਮਹਾਨ ਸੇਵਾ ਕਰੇਗਾ, ਪਰ ਇਹ ਤਾਂ ਮਾਇਆ ਪਿਛੇ ਲਗ ਕੇ ਬੈਂਕ ਦੀ ਨੌਕਰੀ ਕਰਨ ਲਗ ਪਿਆ ਹੈ, ਸ੍ਰ. ਮਖਣ ਸਿੰਘ ਨੇ ਬਲ ਜੀ ਨੂੰ ਕਿਹਾ ਕਿ ਬਲ ਸਾਹਿਬ ਫ਼ਿਕਰ ਨਾ ਕਰੋ ਮੈਂ ਬੈਂਕ ਵਿਚ ਸ੍ਰ. ਇੰਦਰਜੀਤ ਸਿੰਘ ਦੀ ਅਗਵਾਈ ਤੇ ਛਤਰ ਛਾਂ ਹੇਠ ਰਹਿ ਕੇ ਉਹੀ ਕੰਮ ਕਰਾਂਗਾ, ਜੋ ਇਨ੍ਹਾਂ ਵਿਦਵਾਨਾਂ, ਜਿਨ੍ਹਾਂ ਦੇ ਤੁਸੀਂ ਨਾਂ ਲਏ ਹਨ, ਨੇ ਵਿਦਿਅਕ ਖੇਤਰ ਵਿਚ ਰਹਿ ਕੇ ਕੀਤਾ ਹੈ। ਉਹੀ ਗੱਲ ਹੋਈ, ਸ੍ਰ. ਇੰਦਰਜੀਤ ਸਿੰਘ ਜੀ ਨੇ ਇਨ੍ਹਾਂ ਨੂੰ ਪ੍ਰਿੰਟਿੰਗ ਐਂਡ ਸਟੇਸ਼ਨਰੀ ਵਿਚ ਲਾਇਆ ਤੇ ਜੋ ਗੁਰੂ ਸਾਹਿਬਾਨ ਸਬੰਧੀ ਸਚਿਤ੍ਰ ਪੁਸਤਕਾਂ ਬੈਂਕ ਨੇ ਛਾਪੀਆਂ, ਉਨ੍ਹਾਂ ਵਿਚ ਸਾਰੀ ਮੇਹਨਤ ਸ੍ਰ. ਮਖਣ ਸਿੰਘ ਦੀ ਸੀ। ਗੁਰੂ ਤੇਗ

ਬਹਾਦਰ ਜੀ ਦੀ ਤੀਜੀ ਸ਼ਤਾਬਦੀ ਵੇਲੇ, ਉਨ੍ਹਾਂ ਦੇ ਜੀਵਨ ਸੰਬੰਧੀ ਜੋ ਪੁਸਤਕ ਬੈਂਕ ਨੇ ਛਾਪੀ, ਉਹ ਇਕ ਲਖ ਛਪੀ ਸੀ। ਗੁਰੂ ਅਮਰ ਦਾਸ ਜੀ ਦੀ ਪੰਜਵੀਂ ਸ਼ਤਾਬਦੀ ਵੇਲੇ, ਉਨ੍ਹਾਂ ਸੰਬੰਧੀ ਪੁਸਤਕ ਡੇਢ ਲਖ ਛਪੀ।

1978 ਵਿਚ ਇੰਟਰਨੈਸ਼ਨਲ ਪੰਜਾਬੀ ਸੋਸਾਇਟੀ ਦੀ ਦਸਵੀਂ ਸਾਲਾਨਾ ਕਨਵੈਨਸ਼ਨ ਇੰਗਲੈਂਡ ਵਿਚ ਹੋਣੀ ਸੀ। ਉਦੋਂ ਇਸ ਦੇ ਪ੍ਰੈਜ਼ੀਡੈਂਟ ਸ੍ਰ. ਇੰਦਰਜੀਤ ਸਿੰਘ ਜੀ ਸਨ। ਲੰਡਨ ਦੀ ਪ੍ਰਬੰਧਕ ਕਮੇਟੀ ਨੇ ਸੈਕ੍ਰੇਟਰੀ ਜਨਰਲ ਸ੍ਰ. ਮੇਹਰਬਾਨ ਸਿੰਘ ਧੂਪੀਆ ਜੀ ਨੂੰ ਲਿਖਿਆ। ਕਿ ਤੁਸੀਂ ਆਪਣੇ ਨਾਲ ਹਰਭਜਨ ਸਿੰਘ ਰਤਨ ਤੇ ਪ੍ਰਕਾਸ਼ ਸਾਥੀ ਨੂੰ ਲੈ ਆਓ, ਅਸੀਂ ਦੋਹਾਂ ਦੀ ਟਿਕਟ ਭੇਜਾਂਗੇ, ਤੇ ਉਨ੍ਹਾਂ ਦੇ ਟਿਕਟਾਂ ਐਰੋਫਲੈਟ ਰੂਸੀ ਹਵਾਈ ਕੰਪਨੀ ਦੀਆਂ ਭੇਜ ਦਿਤੀਆਂ। ਸਾਨੂੰ ਇਹ ਕਿਹਾ ਗਿਆ ਸੀ ਕਿ ਤੁਹਾਡਾ ਸਾਰਾ ਖਰਚਾ ਤੇ ਉਥੇ ਰਿਹਾਇਸ਼ ਖੁਰਾਕ ਦਾ ਖ਼ਰਚ ਉਥੋਂ ਦੀ ਕਮੇਟੀ ਦੇ ਜਿਮੇਂ ਹੈ। ਪੰਦਰਾਂ ਦਿਨ ਬਾਅਦ ਤੁਸੀਂ ਆਪਣੀ ਮਰਜ਼ੀ ਨਾਲ ਜਿਥੇ ਜਾਓ ਜਿਥੇ ਰਹੋ, ਯਾ ਵਾਪਸ ਆ ਜਾਓ। (ਇਹ ਵਖਰੀ ਗਲ ਹੈ ਕਿ ਫ੍ਰੀ ਟਿਕਟ ਹੁੰਦਿਆਂ ਵੀ, ਇਕ ਕਰਮਚਾਰੀ ਨੇ ਸਾਥੋਂ ਅਧਾ ਕਿਰਾਇਆ ਪ੍ਰਾਈਵੇਟ ਤੌਰ ਤੇ ਵਸੂਲ ਕਰ ਲਿਆ ਸੀ) ਪਹਿਲੇ ਦਿਨ ਲੰਡਨ ਦੇ ਮਸ਼ਹੂਰ ਹਿਲਟਨ ਹੋਟਲ ਵਿਚ ਰਾਤ ਦੇ ਡਿਨਰ ਤੋਂ ਪਹਿਲਾਂ ਤਕਰੀਰਾਂ ਹੋਈਆਂ। ਸ੍ਰ. ਹੁਕਮ ਸਿੰਘ ਜੀ ਸਪੀਕਰ ਵੀ ਗਏ ਹੋਏ ਸਨ। ਸ੍ਰੀ. ਇੰਦਰ ਕੁਮਾਰ ਗੁਜਰਾਲ ਉਦੋਂ ਰੂਸ ਵਿਚ ਭਾਰਤ ਦੇ ਸਫ਼ੀਰ ਸਨ, ਉਹ ਵੀ ਇਸ ਕੰਨਵੈਨਸ਼ਨ ਤੇ ਪੁਜੇ ਹੋਏ ਸਨ। ਪੰਜਾਬੀ ਦੇ ਪ੍ਰਸਿਧ ਕਵੀ ਬਰਕਤ ਪੰਜਾਬੀ ਵੀ ਆਪਣੇ ਤੌਰ ਤੇ ਆਪਣੇ ਉਥੇ ਵਸਦੇ ਭਰਾ ਦੇ ਸਦੇ ਤੇ ਉਥੇ ਪੁਜੇ ਹੋਏ ਸਨ। ਅਸਾਂ ਉਨ੍ਹਾਂ ਨੂੰ ਵੀ ਬੁਲਾ ਕੇ ਆਪਣੇ ਨਾਲ ਸ਼ਾਮਲ ਕਰ ਲਿਆ ।

ਸ੍ਰ. ਹੁਕਮ ਸਿੰਘ, ਸ੍ਰੀ. ਗੁਜਰਾਲ ਤੇ ਸ੍ਰ. ਇੰਦਰਜੀਤ ਸਿੰਘ ਜੀ ਦੇ ਭਾਸ਼ਨਾਂ ਤੋਂ ਬਾਅਦ ਸਾਨੂੰ ਤਿੰਨਾਂ ਨੂੰ ਇਕ ਇਕ ਕਵਿਤਾ ਸੁਣਾਣ ਲਈ ਕਿਹਾ ਗਿਆ। ਮੈਂ ਇਕ ਨਵਾਂ ਗੀਤ ਲਿਖ ਕੇ ਲੈ ਗਿਆ ਸਾਂ। ਤੇ ਉਹ ਪਹਿਲੀ ਵਾਰ ਸੁਰੀਲੀ ਆਵਾਜ਼ ਵਿਚ ਚੰਗੇ ਮਾਹੌਲ ਵਿਚ ਜਦੋਂ ਗਾਇਆ ਤਾਂ ਹਰ ਸ਼ੇਅਰ ਤੇ ਅਸ਼ ਅਸ਼ ਹੋ ਗਈ। ਲੰਡਨ ਵਿਚ ਪਹਿਲੀ ਵਾਰ, ਪਹਿਲਾ ਪ੍ਰੋਗਰਾਮ ਕਰਨ ਤੇ ਹੀ ਪ੍ਰਮਾਤਮਾ ਨੇ ਮੇਰੀ ਲਾਜ ਰਖ ਲਈ। ਉਦੋਂ ਦਾ ਪ੍ਰਭਾਵ ਅੱਜ ਤਕ ਲਾਭ ਦੇ ਰਿਹਾ ਹੈ ਤੇ ਉਸ ਪਿਛੋਂ ਮੈਂ ਇੰਗਲੈਂਡ 6–7 ਵਾਰੀ ਜਾ ਚੁੱਕਾ ਹਾਂ। ਇਸ ਪਹਿਲੇ ਸਮਾਗਤ ਵਿਚ ਸ੍ਰ. ਇੰਦਰਜੀਤ ਸਿੰਘ ਨੇ ਅਸਾਂ ਤਿੰਨਾਂ ਕਵੀਆਂ ਨੂੰ ਇਕ ਇਕ ਹਜ਼ਾਰ ਰੁਪਏ ਦੇਣ ਦਾ ਐਲਾਨ ਕਰ ਦਿਤਾ।

ਸਾਡੇ ਪਾਸ ਖਰਚਣ ਲਈਇਕ ਪੈਸਾ ਵੀ ਨਹੀਂ ਸੀ । ਮੇਰੀ ਤੇ ਸਾਥੀ ਦੀ ਟਿਕਟ ਉਤੇ ਜੋ ਪੰਜ ਪੰਜ ਸੌ ਡਾਲਰ ਐਫ.ਟੀ. ਐਸ. ਮਿਲਣਾ ਸੀ, ਉਹ ਇਥੋਂ ਦੇ ਪ੍ਰਬੰਧਕਾਂ ਨੇ ਸਾਡੇ ਨਾਮ ਤੇ ਆਪ ਹੀ ਲੈ ਲਿਆ ਸੀ। ਅਸੀਂ ਦੂਜੇ ਦਿਨ ਸ੍ਰ. ਇੰਦਰਜੀਤ ਸਿੰਘ ਜੀ ਨੂੰ ਜਾ ਮਿਲੇ ਤੇ ਇਨਾਮ ਵਾਲੇ ਪੈਸੇ ਦੇਣ ਲਈ ਕਿਹਾ। ਉਹ ਕਹਿਣ ਲਗੇ ਕਿ ਮੈਂ ਇਕ ਇਕ ਹਜ਼ਾਰ ਰਪਏ ਕਿਹਾ ਹੈ, ਦਿਲੀ ਜਾ ਦੇ ਦੇ ਦਿਆਂਗ;।" ਅਸਾਂ ਕਿਹਾ ਕਿ ਸਾਨੂੰ ਪੈਸੇ ਦੀ ਇਥੇ ਲੋੜ ਹੈ, ਦਿੱਲੀ ਸਾਡੇ ਕੋਲ ਬਥੇਰੇ ਪੈਸੇ ਹਨ। ਉਨ੍ਹਾਂ ਸਾਡੀ ਲੋੜ ਨੂੰ ਮਹਿਸੂਸ ਕਰਦਿਆਂ ਆਪਣੀ ਸਾਊਥਾਲ ਬ੍ਰਾਂਚ ਦੇ ਮੁਖੀ ਸ੍ਰ.ਐਚ.ਐਸ. ਦੁਗਲ ਜੀ(ਹੁਣ ਜਨਰਲ ਮੈਨੇਜਰ) ਨੂੰ ਕਹਿ ਦਿਤਾ ਕਿ ਹਜ਼ਾਰ ਹਜ਼ਾਰ ਰੁਪਏ ਦੇ ਜਿਤਨੇ ਪੌਂਡ ਬਣਦੇ ਹਨ। ਇਨ੍ਹਾਂ ਨੂੰ ਦੇ ਦਿਓ। ਉਸ ਵੇਵੇ ਪੌਂਡ ਬੜਾ ਸਸਤਾ ਸੀ, ਸੋ ਸਾਨੂੰ ਸ਼ਾਇਦ ਪੈਂਠ ਪੈਂਠ ਪੌਂਡ ਦੇ ਦਿਤੇ ਗਏ। ਸ੍ਰਦਾਰ ਜੀ ਨੇ ਧੂਪੀਆਂ ਜੀ ਨੂੰ ਵੀ ਕਿਹਾ ਕਿ ਕਵੀਆਂ ਨੂੰ ਜੇਬ ਖਰਚ ਲਈ ਕੁਝ ਪੌਡ ਸੁਸਾਇਟੀ ਵਲੋਂ ਦੇ ਦਿਓ ਧੂਪੀਆਂ ਜੀ ਨੇ ਵੀ ਔਖੇ ਹੋ ਕੇ ਪੰਜਾਹ ਪੰਜਾਹ ਪੌਂਡ ਦਿਵਾ ਦਿੱਤੇ।

ਸੱਤ ਅੱਠ ਹੋਰ ਬੈਂਕਾਂ ਦੇ ਨਾਲ ਪੰਜਾਬ ਸਿੰਧ ਬੈਂਕ ਨੂੰ ਵੀ ਨੈਸ਼ਨਲਾਈਜ਼ ਕਰ ਦੇਣਾ, ਇਹ ਸ੍ਰੀ ਮਤੀ ਇੰਦਰਾ ਗਾਂਧੀ ਦੀ ਕੁਟਲ ਨੀਤੀ ਸੀ। ਭਾਵੇਂ ਇਹ ਬੈਂਕ ਇੰਦਰਾ ਗਾਂਧੀ ਦੇ ਆਰਥਕ ਪ੍ਰੋਗਰਾਮਾਂ ਦੀ ਪੂਰਤੀ ਵਿਚ ਪੂਰਾ ਮਿਲਵਰਤਣ ਦੇ ਰਿਹਾ ਸੀ, ਪਰ ਮਿਸਿਜ਼ ਗਾਂਧੀ ਜਾਣਦੀ ਸੀ, ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਅਦ ਪੰਜਾਬ ਸਿੰਧ ਬੈਂਕ ਹੀ ਸਿੱਖਾਂ ਦੀ ਇਕ ਵਡੀ ਸ਼ਕਤੀ ਹੈ। ਨੈਸ਼ਨਲਾਈਜ਼ ਕਰਨ ਪਿਛੋਂ, ਉਸ ਨੇ ਕੁਝ ਸਾਲ ਤਾਂ ਡਾ. ਇੰਦਰਜੀਤ ਸਿੰਘ ਨੂੰ ਚੇਅਰਮੈਨ ਰਹਿਣ ਦਿਤਾ ਪਰ ਉਹ ਇਹੋ ਜਿਹੇ ਸੱਚੇ ਸੁਚੇ ਤੇ ਪੱਕੇ ਸਿੱਖ ਨੂੰ ਬਹੁਤੀ ਦੇਰ ਇਸ ਬੈਂਕ ਦਾ ਕਰਤਾ ਧਰਤਾ ਨਹੀਂ ਰਹਿਣ ਦੇਣਾ ਚਾਹੁੰਦੀ ਸੀ। ਸੋ ਉਸ ਨੇ ਇਨ੍ਹਾਂ ਦੀ ਮਿਆਦ ਵਿਚ ਹੋਰ ਵਾਧਾ ਨਾ ਕੀਤਾ।

ਸ੍ਰ. ਇੰਦਰਜੀਤ ਸਿੰਘ ਜੀ 1961 ਵਿਚ ਇਸ ਬੈਂਕ ਵਿਚ ਆਏ, ਜਦੋਂ ਇਸ ਦੀਆਂ 13 ਬ੍ਰਾਂਚਾਂ ਅਤੇ ਡੀਪਾਜ਼ਿਟ ਕੇਵਲ ਦੋ ਕਰੋੜ ਸੀ, ਤੇ ਜਦ ਦੋ ਜਨਵਰੀ 1989 ਨੂੰ ਉਨ੍ਹਾਂ ਨੇ ਇਸ ਬੈਂਕ ਤੋਂ ਵਿਦਾ ਲਈ, ਤਾਂ ਇਸ ਦੀਆਂ 550 ਬ੍ਰਾਂਚਾਂ ਤੇ ਡੀਪਾਜ਼ਟ ਸਤ ਸੌ ਕਰੋੜ ਤੋਂ ਉਪਰ ਸੀ। ਇਹ ਸੀ ਇਸ ਮਹਾਨ ਵਿਅਕਤੀ ਦੀ ਮੇਹਨਤ, ਲਗਨ, ਬੁਧੀਮਾਨੀ, ਕੰਮ ਕਰਨ ਦੀ ਵਿਲਖਣਤਾ, ਦਰਿਆ ਦਿਲੀ, ਮਰਦਮਸ਼ਨਾਸੀ ਤੇ ਗੁਰੂ ਤੇ ਅਤੁਟ ਭਰੋਸੇ ਦਾ ਕਮਾਲ ਤੇ ਚਮਤਕਾਰ ਅਤੇ ਜਨਤਾ ਤੇ ਪ੍ਰਕਾਰ, ਦੋਹਾਂ ਤੋਂ ਇਕੋ ਜਿਹੀ ਸ਼ਲਾਘਾ ਤੇ ਪ੍ਰਸੰਸਾ ਲੈਣ ਦਾ ਅਚੰਭਾ ।

ਇਸ ਪਿਛੋਂ ਸ੍ਰ. ਇੰਦਰਜੀਤ ਸਿੰਘ ਨੇ ਪੀ. ਐਸ. ਬੀ. ਫਾਈਨੈਂਸ ਕੰਪਨੀ ਕਾਇਮ ਕਰ ਲਈ ਤੇ ਉਸ ਨੂੰ ਸਫਲਤਾ ਦੀ ਮੰਜ਼ਲ ਤੇ ਪੁਚਾ ਦਿਤਾ। ਉਨ੍ਹਾਂ ਦੇ ਮਨ ਵਿਚ ਖਾਹਿਸ਼ ਸੀ ਕਿ ਉਹ ਪੰਜਾਬੀਆਂ ਦਾ ਇਕ ਹੋਰ ਨਵਾਂ ਬੈਂਕ ਕਾਇਮ ਕਰਕੇ ਉਸ ਨੂੰ ਵੀ ਚੋਟੀ ਤੇ ਪੁਚਾਣ, ਪਰ ਸਰਕਾਰ ਲਾਇਸੈਂਸ ਨਹੀਂ ਸੀ ਦੇ ਰਹੀ। ਹੁਣ ਜਦ ਨਵੀਂ ਉਦਾਰੀਕਰਨ ਵਾਲੀ ਆਰਥਕ ਨੀਤੀ ਡਾ. ਮਨਮੋਹਨ ਸਿੰਘ ਦੀ ਅਗਵਾਈ ਵਿਚ ਅਪਨਾਈ ਗਈ ਤਾਂ ਕੁਝ ਪ੍ਰਾਈਵੇਟ ਬੈਂਕਾਂ ਲਈ ਵੀ ਲਾਇਸੈਂਸ ਜਾਰੀ ਕੀਤੇ ਗਏ। ਇਸ ਦਾ ਅਸਲ ਮੰਤਵ ਤਾਂ ਇਹ ਸੀ ਕਿ ਸਰਕਾਰ ਦੇ ਕੰਟਰੋਲ ਹੇਠ ਲਾਏ ਗਏ ਬੈਂਕਾਂ ਦੀ ਕਾਰਗੁਜ਼ਾਰੀ ਚੰਗੀ ਨਹੀਂ ਸੀ, ਅਤੇ ਗਾਹਕ ਉਨ੍ਹਾਂ ਤੋਂ ਬੜੇ ਨਾ-ਖੁਸ਼ ਸਨ । ਡਾ. ਮਨਮੋਹਨ ਸਿੰਘ ਨੇ ਇਨ੍ਹਾਂ ਸਾਰੀ ਬੈਂਕਾ ਵਿਚ ਸੁਧਾਰ ਲਿਆਣ ਤੇ ਮੁਕਾਬਲੇ ਦੀ ਭਾਵਨਾ ਪੈਦਾ ਕਰਨ ਲਈ, ਡਾ. ਇੰਦਰਜੀਤ ਸਿੰਘ ਜੀ ਨੂੰ ਲਾਇਸੈਂਸ ਦੇ ਦਿਤਾ, ਤੇ ਉਹਨਾਂ ਨੇ ਸੌ ਕਰੋੜ ਦੀ ਮੂੜੀ ਨਾਲ 'ਬੈਂਕ ਆਫ਼ ਪੰਜਾਬ" ਸਥਾਪਤ ਕਰ ਦਿਤਾ, ਜਿਸ ਦਾ ਪ੍ਰਮੁਖ ਦਫ਼ਤਰ ਚੰਡੀਗੜ੍ਹ ਵਿਚ ਹੈ। ਲੋਕਾਂ ਨੇ ਡਾ. ਇੰਦਰਜੀਤ ਸਿੰਘ ਜੀ ਦੀ ਸ਼ਖਸੀਅਤ ਤੇ ਅਗਵਾਈ ਨੂੰ ਮੁਖ ਰਖਕੇ, ਲਾਈਨਾਂ ਵਿਚ ਖੜੋ ਕੇ ਧੜਾ ਧੜ ਇਸ ਦੇ ਸ਼ੇਅਰ ਖਰੀਦੇ।

ਡਾ. ਇੰਦਰਜੀਤ ਸਿੰਘ ਜੀ ਨੇ ਫ਼ੈਸਲਾ ਕੀਤਾ, ਕਿ ਜਨਤਾ ਨੇ ਜਿਤਨਾ ਉਤਸ਼ਾਹ ਦਿਖਾਇਆ ਹੈ, ਕਿਸੇ ਨੂੰ ਮਾਯੂਸ ਨਾ ਕੀਤਾ ਜਾਵੇ, ਸੋ ਹਰ ਇਕ ਨੂੰ ਘਟੋ ਘਟ 100 ਸ਼ੇਅਰ ਜ਼ਰੂਰ ਦੇ ਦਿਤੇ ਜਾਣ ਤਾਂ ਜੋ ਵਧ ਤੋਂ ਵਧ ਲੋਕਾਂ ਦਾ ਸੰਬੰਧ ਜੁੜਿਆ ਰਹੇ। ਲੋਕਾਂ ਨੂੰ ਇਸ ਬੈਂਕ ਤੇ ਬੜੀਆਂ ਉਮੀਦਾਂ ਹਨ। ਡਾ. ਇੰਦਰਜੀਤ ਸਿੰਘ ਜੀ ਨੇ ਪੰਜਾਬ ਸਿੰਧ ਬੈਂਕ ਦੇ ਆਪਣੇ ਕੁਝ ਪੁਰਾਣੇ ਤੇ ਭਰੋਸੇ ਯੋਗ ਅਫ਼ਸਰਾਂ ਨੂੰ ਵੀ ਆਪਣੇ ਪਾਸ ਲੈ ਆਂਦਾ ਹੈ। ਜਿਵੇਂ ਕਿ ਸਰਦਾਰ ਸਰਬਜੀਤ ਸਿੰਘ, ਜੋ ਉਹਨਾਂ ਦੇ ਪੁਰਾਣੇ ਤਜਰਬੇਕਾਰ, ਉਨ੍ਹਾਂ ਨੂੰ ਵੀ ਬੁਲਾ ਕੇ ਆਪਣੇ ਨਾਲ ਸ਼ਾਮਲ ਕਰ ਲਿਆ।

ਭਰੋਸੇਮੰਦ ਨੇਕ ਅਤੇ ਗੁਰਮੁਖ ਵਿਅਕਤੀ ਹਨ। ਭਾਵੇਂ ਹੋਰ ਚੰਗ ਯੋਗ ਸੱਜਣ ਵੀ ਬੈਂਕ ਦੇ ਡਾਇਰੈਕਟਰਾਂ ਤੇ ਸਟਾਫ਼ ਵਿਚ ਸ਼ਾਮਿਲ ਹਨ ਪਰ ਇਸ ਬਾਰੇ ਲੋਕਾਂ ਦੀਆਂ ਸਾਰੀਆਂ ਉਮੀਦਾਂ ਡਾ. ਇੰਦਰਜੀਤ ਸਿੰਘ ਤੇ ਹੀ ਹਨ। ਸਾਡੀ ਦਿਲੀ ਅਰਦਾਸ ਹੈ ਕਿ ਵਾਹਿਗੁਰੂ ਸਰਦਾਰ ਜੀ ਨੂੰ ਚੰਗੀ ਸਿਹਤ ਤੇ ਵੱਡੀ ਆਯੂ ਬਖ਼ਸ਼ੇ ਤਾਂ ਜੋ ਉਹ ਵੱਧ ਤੋਂ ਵੱਧ ਸਾਡੇ ਵਿਚ ਰਹਿ ਕੇ ਸਿੱਖ ਕੌਮ ਪੰਜਾਬ ਅਤੇ ਦੇਸ਼ ਦੀ ਸੇਵਾ ਕਰ ਸਕਣ। ਉਹਨਾਂ ਦੀ ਮਾਤਾ ਵਲੋਂ ਉਹਨਾਂ ਨੂੰ ਬਚਪਨ ਵਿਚ ਗੁਰਬਾਣੀ ਰਾਹੀਂ ਮਿਲੀ ਇਹ ਅਸੀਸ ਜਿਸ ਅਨੁਸਾਰ ਉਹਨਾਂ ਸਾਰਾ ਜੀਵਨ ਜੀਵਿਆ ਹੈ ਅਜ ਵੀ ਉਹਨਾਂ ਦੇ ਅੰਗ ਸੰਗ ਹੈ

ਪੂਤਾ ਮਾਤਾ ਕੀ ਆਸੀਸ ॥
ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ ਸਦਾ ਭਜਹੁ ਜਗਦੀਸ ॥੧॥ ਰਹਾਉ ॥
ਸਤਿਗੁਰੁ ਤੁਮ੍ ਕਉ ਹੋਇ ਦਇਆਲਾ ਸੰਤਸੰਗਿ ਤੇਰੀ ਪ੍ਰੀਤਿ ॥
ਕਾਪੜੁ ਪਤਿ ਪਰਮੇਸਰੁ ਰਾਖੀ ਭੋਜਨੁ ਕੀਰਤਨੁ ਨੀਤਿ ॥੨॥

**ਇਹ ਲੇਖ ਪੁਸਤਕ 'ਨੇੜਿਉਂ ਤੱਕੀਆਂ ਚਾਨਣ ਰਿਸ਼ਮਾਂ'**
**ਵਿਚੋਂ ਲਿਆ ਗਿਆ ਹੈ।**

## ਜ਼ਰੂਰੀ ਬੇਨਤੀ

ਮੈਗਜ਼ੀਨ ਮਿਲਣ ਤੇ ਸੂਚਨਾ ਜ਼ਰੂਰ ਦਿਓ ਜੀ ।
ਸੰਪਾਦਕ ਮੋਬਾਇਲ 98556-40630

## ਜ਼ਰੂਰੀ ਬੇਨਤੀ

ਜੇ ਤੁਹਾਨੂੰ 'ਅਮ੍ਰਿਤ ਕੀਰਤਨ' ਮੈਗਜ਼ੀਨ ਨਹੀਂ ਚਾਹੀਦਾ ਤਾਂ ਸਾਨੂੰ ਮੋਬਾਇਲ ਨੰ: 9855640630 ਤੇ ਸੂਚਿਤ ਕਰੋ ਜੀ ।

ਜੀਵਨ ਰਿਸ਼ਮਾਂ : 2

# ਜੀਵਨ ਦੀ ਸਦਵਰਤੋਂ : ਦਸ਼ਾ ਅਤੇ ਦਿਸ਼ਾ

**ਡਾ. ਚਮਕੌਰ ਸਿੰਘ**

ਜੀਵਨ ਦੀ ਅਨਮੋਲਤਾ ਦਾ ਅਹਿਸਾਸ, ਇਸ ਦੀ ਅਹਿਮੀਅਤ-ਅਸਲੀਅਤ ਦੀ ਸੋਝੀ ਬਖਸ਼ਣ ਵਾਲੇ ਦਰਾਂ ਨੂੰ ਖੋਲ੍ਹਦਾ ਹੈ ਅਤੇ ਜੀਵਨ ਦੀ ਸਦਵਰਤੋਂ ਦੁਆਰਾ ਇਸ ਦੇ ਅਸਲ ਉਦੇਸ਼ ਵੱਲ ਵਧਣ ਵਾਲੇ ਰਾਹਾਂ ਨੂੰ ਰੌਸ਼ਨ ਕਰਦਾ ਹੈ। ਮਨੁੱਖੀ ਜੀਵਨ ਦੀ ਦੁਰਲੱਭਤਾ ਅਤੇ ਅਨਮੋਲਤਾ ਦਾ ਅਹਿਸਾਸ ਹੋਣ ਦਾ ਇਕ ਅਰਥ - ਇਸ ਦੀ ਸਾਰਥਕ ਵਰਤੋਂ ਦੀਆਂ ਸੰਭਾਵਨਾਵਾਂ ਬਾਰੇ ਸੁਚੇਤ ਹੋਣਾ ਹੈ। ਅਸੀਂ ਜਾਣੇ-ਅਣਜਾਣੇ ਅਕਸਰ ਆਪਣੇ ਕੀਮਤੀ ਜੀਵਨ ਦਾ ਸਦਉਪਯੋਗ ਕਰਨ ਦੀ ਥਾਂ ਇਸ ਦੀ ਦੁਰਵਰਤੋਂ ਜ਼ਿਆਦਾ ਕਰਦੇ ਹਾਂ। ਅਚੇਤ ਵਿਚਰਦਿਆਂ ਜੀਵਨ ਨੂੰ ਨਿਘਾਰ ਵੱਲ ਲਿਜਾਣ ਵਾਲੀਆਂ ਫਜ਼ੂਲ ਤੇ ਅਨੈਤਿਕ ਕਿਰਿਆਵਾਂ ਵਿਚ ਸਮੇਂ, ਸ਼ਕਤੀ ਅਤੇ ਸਾਧਨਾਂ ਦੀ ਦੁਰਵਰਤੋਂ ਜਾਂ ਬਰਬਾਦੀ ਦਾ ਸਾਨੂੰ ਭੋਰਾ ਭਰ ਵੀ ਅਹਿਸਾਸ ਹੀ ਨਹੀਂ ਰਹਿੰਦਾ। ਹਰ ਵੇਲੇ ਚਿੰਤਾਗ੍ਰਸਤ ਜਾਂ ਫਿਕਰਮੰਦ ਰਹਿਣਾ; ਦੂਜਿਆਂ ਬਾਰੇ ਮਾੜਾ ਸੋਚਣਾ, ਬੇਲੋੜੀ ਬੁਰਾਈ ਜਾਂ ਨਿੰਦਾ-ਚੁਗਲੀ ਕਰਨ ਵਿਚ ਗਲਤਾਨ ਰਹਿਣਾ; ਨਸ਼ਿਆਂ, ਲੁੱਟਾਂ-ਖੋਹਾਂ, ਕਤਲਾਂ, ਆਤਮ-ਹੱਤਿਆਵਾਂ ਆਦਿ ਬੁਰਾਈਆਂ ਦਾ ਵਰਤਾਰਾ - ਅਨਮੋਲ ਜੀਵਨ ਦੀ ਦੁਰਵਰਤੋਂ ਦੇ ਜ਼ਾਹਰਾ ਪ੍ਰਮਾਣ ਹਨ। ਏਨੇ ਅਨਮੋਲ ਮਨੁੱਖੀ ਜੀਵਨ ਨੂੰ ਸਾਰਥਕ, ਸੁਚੱਜਾ ਅਤੇ ਆਨੰਦ ਭਰਪੂਰ ਬਣਾਉਣ ਲਈ ਬੇਹੱਦ ਜ਼ਰੂਰੀ ਹੈ ਕਿ ਸਾਨੂੰ ਇਸ ਦੀ ਸਦਵਰਤੋਂ ਦੇ ਡੂੰਘੇ ਰਾਜ਼ ਅਤੇ ਸਹੀ ਦਿਸ਼ਾ ਦਾ ਪਤਾ ਹੋਵੇ। ਇਸ ਲਈ ਪਹਿਲਾਂ ਇਹ ਜਾਣਨ ਦੀ ਲੋੜ ਹੈ ਕਿ ਅਸਲ ਵਿਚ ਜੀਵਨ ਦੀ ਸਦਵਰਤੋਂ ਦੇ ਅਰਥ ਕੀ ਹਨ?

ਜੀਵਨ ਦੀ ਸਦਵਰਤੋਂ ਦੇ ਅਨੇਕ ਪਾਸਾਰ ਹਨ, ਇਸ ਲਈ ਇਸ ਦੇ ਅਰਥਾਂ ਨੂੰ ਸਮਝਣ ਦੇ ਤਰੀਕੇ ਅਤੇ ਸੰਭਾਵਨਾਵਾਂ ਵੀ ਅਨੇਕ ਹਨ। ਜੀਵਨ ਦੀ ਸਦਵਰਤੋਂ ਦੇ ਵਿਹਾਰਕ ਅਰਥ ਹਨ - ਆਪਣੇ ਆਪੇ ਨੂੰ ਸੰਵਾਰਨ ਲਈ ਆਪਣੀ ਚੇਤਨਾ ਨੂੰ ਪੂਰੀ ਤਰ੍ਹਾਂ ਜਗਾ ਕੇ ਜੀਵਨ ਦੇ ਸਚੁ ਵੱਲ ਮੂੰਹ ਕਰਕੇ ਤੁਰਨਾ; ਆਪਣੇ ਆਪੇ ਨੂੰ ਜੀਵਨ ਦੇ ਵਿਸਮਾਦੀ ਸਚੁ ਨਾਲ ਇਕਸੁਰ ਕਰਕੇ ਪੂਰੀ ਤਰ੍ਹਾਂ ਵਿਗਸਣਾ; ਪੂਰਨ ਖਿੜਾਉ/ਵਿਗਾਸ ਵਾਲੀ ਅਵਸਥਾ ਦੀ ਪ੍ਰਾਪਤੀ ਤਕ ਆਪਣੇ ਆਪੇ ਨੂੰ ਸੰਵਾਰਦੇ ਜਾਣਾ; ਜੀਵਨ ਨੂੰ ਪੂਰੀ ਤਰ੍ਹਾਂ ਪ੍ਰਫੁੱਲਤ ਕਰਨ ਲਈ ਪੂਰੀ ਮਿਹਨਤ-ਮੁਸ਼ੱਕਤ ਭਾਵ ਘਾਲ-ਕਮਾਈ ਕਰਨਾ। ਇਹ ਔਗੁਣਾਂ-ਬੁਰਾਈਆਂ ਤੋਂ ਬਚਦੇ ਹੋਇਆਂ ਸੰਪੂਰਨ ਪ੍ਰਫੁੱਲਤਾ ਵੱਲ ਸਵੈ-ਵਿਕਾਸ ਦੀ ਨਿਰੰਤਰ ਯਾਤਰਾ ਹੈ। ਜੀਵਨ ਦੀ ਸਦਵਰਤੋਂ ਦੇ ਅਰਥਾਂ ਵਿਚ ਇਹ ਵੀ ਸ਼ਾਮਲ ਹੈ ਕਿ ਆਪਣੇ ਆਪ ਨੂੰ ਬਰਬਾਦੀ ਵੱਲ ਲਿਜਾਣ ਵਾਲੀਆਂ ਗਲਤ, ਮਾੜੀਆਂ ਅਤੇ ਫਜ਼ੂਲ ਦੀਆਂ ਕਿਰਿਆਵਾਂ ਵੱਲੋਂ ਹੋੜ ਕੇ, ਹਰ ਸਮੇਂ ਵਿਕਾਸ-ਵਿਗਾਸ ਦੀ ਦਿਸ਼ਾ ਵਿਚ ਸੇਧਿਤ ਚੰਗੀਆਂ, ਸਹੀ ਅਤੇ ਸਾਰਥਕ ਕਿਰਿਆਵਾਂ ਵਿਚ ਲਾਈ ਰੱਖਣਾ ਹੈ। ਆਪਣੇ ਉਚੇਰੇ-ਸੁਚੇਰੇ ਸਵੈ-ਵਿਕਾਸ ਲਈ ਕੁਦਰਤ ਅਨੁਸਾਰੀ ਹੋ ਕੇ ਜੀਵਨ ਦੀਆਂ ਸਰਬੱਤ ਸ਼ਕਤੀਆਂ, ਸੰਭਾਵਨਾਵਾਂ ਅਤੇ ਸਮਰੱਥਾਵਾਂ ਦਾ ਉਸਾਰੂ ਉਪਯੋਗ ਕਰਨਾ ਹੈ। ਜੀਵਨ ਦੀ ਸਦਵਰਤੋਂ ਇਸ ਅਹਿਸਾਸ ਨਾਲ ਭਰ ਕੇ ਜ਼ਿੰਦਗੀ ਨੂੰ ਜੀਣ-ਮਾਣਨ ਦਾ ਅਮਲ ਹੈ ਕਿ ਵਾਹ! ਜਿਊਣ ਦਾ ਆਨੰਦ-ਸੁਆਦ ਆ ਗਿਆ!

ਜੀਵਨ ਕਿਹੋ ਜਿਹਾ ਜਿਉਣਾ ਹੈ? ਇਸ ਦੀ ਚੋਣ ਕੁਦਰਤ ਨੇ ਕਾਫੀ ਹੱਦ ਤਕ ਸਾਡੀ ਸੁਤੰਤਰ ਇੱਛਾ ਜਾਂ ਮਰਜ਼ੀ ਉਪਰ ਛੱਡੀ ਹੋਈ ਹੈ। ਕੁਦਰਤ ਨੇ ਸਾਨੂੰ ਬੇਸ਼ੁਮਾਰ ਸ਼ਕਤੀਆਂ ਅਤੇ ਸਮਰੱਥਾਵਾਂ ਨਾਲ ਲੈਸ ਕਰਕੇ ਆਪਣੇ ਬੇਅੰਤ ਪਸਾਰੇ ਵਿਚ ਸਾਡੇ ਲਈ ਬੇਸ਼ੁਮਾਰ ਸੰਭਾਵਨਾਵਾਂ ਪਰੋਸ ਦਿੱਤੀਆਂ ਹਨ। ਹੁਣ ਤੈਅ ਅਸਾਂ ਖੁਦ ਕਰਨਾ ਹੈ ਕਿ ਇਨ੍ਹਾਂ ਸ਼ਕਤੀਆਂ, ਸਮਰੱਥਾਵਾਂ ਤੇ ਸੰਭਾਵਨਾਵਾਂ ਦੀ ਵਰਤੋਂ, ਵਿਕਾਸ ਦੀ ਦਿਸ਼ਾ ਵੱਲ ਵਧਣ ਵਾਸਤੇ ਕਰਨੀ ਹੈ ਜਾਂ ਫਿਰ ਨਿਘਾਰ ਜਾਂ ਖੜੋਤ ਨਾਲ ਚਿਪਕੇ ਰਹਿਣ ਵਾਸਤੇ। ਸਾਡੀ ਚੋਣ, ਸਾਡੇ ਵਿਚਾਰਾਂ, ਬੋਲਾਂ ਅਤੇ ਕੰਮਾਂ ਵਿਚੋਂ ਪ੍ਰਤੱਖ ਨਜ਼ਰ ਆਉਂਦੀ ਹੈ। ਸਾਡੀ ਚੋਣ, ਸਾਡੀ ਸ਼ਖ਼ਸੀਅਤ ਦੀ ਦਿਸ਼ਾ-ਸੂਚਕ ਦਾ ਕੰਮ ਕਰਦੀ ਹੈ; ਇਹ ਹੀ ਸਾਡੀ ਜੀਵਨਸ਼ੈਲੀ ਅਤੇ ਜੀਵਨਦ੍ਰਿਸ਼ਟੀ ਨੂੰ ਤੈਅ ਕਰਦੀ ਹੈ। ਗੁਰੂ ਅਰਜਨ ਦੇਵ ਜੀ ਦੀ ਰੂਹਾਨੀ ਦ੍ਰਿਸ਼ਟੀ ਅਨੁਸਾਰ ਸਾਨੂੰ ਜੀਵਨ ਵਿਚ ਉਹੋ ਕੁਝ ਹਾਸਲ ਹੁੰਦਾ ਹੈ ਜਿਸ ਦੇ ਬੀਜ ਅਸੀਂ ਖੁਦ ਬੀਜੇ ਹੁੰਦੇ ਹਨ:

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (ਗੁਰੂ ਗ੍ਰੰਥ ਸਾਹਿਬ, ਪੰਨਾ 134)

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸੀਂ ਆਪਣੇ ਇਸ ਦੁਰਲਭ ਜੀਵਨ ਨੂੰ ਵਰਤਣਾ ਕਿਵੇਂ ਹੈ? ਜੀਵਨ ਦੀ ਸਦਵਰਤੋਂ ਕਿਵੇਂ ਕਰੀਏ? ਜੀਵਨ ਦੀ ਸਦਵਰਤੋਂ ਸੰਬੰਧੀ ਚੇਤੰਨ ਪਹੁੰਚ ਕਿਵੇਂ ਬਣਾਈ ਰੱਖੀਏ! ਜੀਵਨ ਦੀ ਸਦਵਰਤੋਂ ਬਾਰੇ ਸਵੈ-ਚੇਤਨ ਰਹਿਣਾ ਕਿਵੇਂ ਸੰਭਵ ਹੋਵੇ? ਜੀਵਨ ਨੂੰ ਸਫਲ ਕਿਵੇਂ ਬਣਾਈਏ? ਜੀਵਨ ਦੀ ਸਫਲਤਾ ਦਾ ਰਾਜ਼ ਵੱਡੇ ਵੱਡੇ ਕਾਰੋਬਾਰ, ਰੁਤਬੇ, ਕੋਠੀਆਂ, ਕਾਰਾਂ, ਪੈਸਾ, ਜ਼ਮੀਨ, ਜਾਇਦਾਦ, ਬੈਂਕ ਬੈਲੇਂਸ, ਅਹੁਦੇ ਅਤੇ ਸ਼ੁਹਰਤਾਂ ਨਹੀਂ; ਬਲਕਿ ਜੀਵਨ ਦਾ ਅਸਲ ਅਨੰਦ, ਜੀਵਨ ਦੇ ਮਨੋਰਥ ਦੀ ਸਮਝ, ਕੁਦਰਤਮੁਖ ਰੂਹਾਨੀ ਜੀਵਨਸ਼ੈਲੀ ਵਿਚ ਛੁਪਿਆ ਹੋਇਆ ਹੈ। ਜੀਵਨ ਦੀ ਸਫਲਤਾ ਦੀ ਕਸਵੱਟੀ ਅਤੇ ਕੁੰਜੀ, ਜੀਵਨ ਦੇ ਅਸਲ ਮਨੋਰਥ ਦੀ ਸਮਝ ਅਤੇ ਜੀਵਨ ਦੀ ਸਦਵਰਤੋਂ ਵਿਚ ਲੁਪਤ ਹੈ।

**ਜੀਵਨ ਦੀ ਸਦਵਰਤੋਂ ਲਈ ਬੇਹੱਦ ਜ਼ਰੂਰੀ ਹੈ ਕਿ ਅਸੀਂ ਹਰ ਰੋਜ਼ ਸਵੈ-ਪੜਚੋਲ ਜਾਂ ਸਵੈ ਨਿਰੀਖਣ ਕਰਕੇ ਆਪਣੀਆਂ ਖੂਬੀਆਂ ਅਤੇ ਖਾਮੀਆਂ ਨੂੰ ਪਛਾਣਨ ਲਈ ਸਮਾਂ ਕੱਢ ਕੇ ਆਪਣੇ ਆਪ ਨਾਲ ਬੈਠੀਏ। ਆਪਣੀਆਂ ਖਾਮੀਆਂ ਨੂੰ ਦੂਰ ਕਰਨ ਅਤੇ ਖੂਬੀਆਂ ਨੂੰ ਵਿਕਸਿਤ ਕਰਨ ਦੇ ਕਾਰਗਰ ਤਰੀਕੇ ਤਲਾਸ਼ੀਏ ਅਤੇ ਉਨ੍ਹਾਂ ਦਾ ਅਭਿਆਸ ਕਰੀਏ!** ਇਸ ਪੱਖ ਤੋਂ ਵਿਸ਼ੇਸ਼ ਤੌਰ ਉਤੇ ਚੌਕਸ ਵੀ ਰਹੀਏ ਕਿ ਅਗਿਆਨਤਾਵੱਸ ਆਪਣੀਆਂ ਖੂਬੀਆਂ ਨੂੰ ਖਾਮੀਆਂ ਅਤੇ ਖਾਮੀਆਂ ਨੂੰ ਖੂਬੀਆਂ ਸਮਝਣ ਤੋਂ ਕਿਵੇਂ ਬਚਣਾ ਹੈ? ਆਪੇ ਨੂੰ ਪਿਆਰਨ, ਸੰਵਾਰਨ, ਨਿਖਾਰਨ ਵਾਲੀਆਂ ਬਹੁਪ੍ਰਕਾਰੀ ਜੁਗਤਾਂ ਨੂੰ ਸਿਖ ਕੇ ਆਪਣੇ ਜੀਵਨ ਨੂੰ ਕਿਵੇਂ ਬਦਲਣਾ ਹੈ? ਇਹ ਵੀ ਧਿਆਨ ਵਿਚ ਰਹੇ ਕਿ ਸਾਨੂੰ ਆਪਣੀਆਂ ਆਦਤਾਂ ਵਿਚ ਲੋੜੀਂਦੀ ਵਿਹਾਰਕ ਤਬਦੀਲੀ ਲਿਆਉਣ ਲਈ ਬਹੁਤ ਜ਼ਿਆਦਾ ਸਬਰ-ਸੰਤੋਖ ਅਤੇ ਮਿਹਨਤ-ਮੁਸ਼ੱਕਤ ਦੀ ਜ਼ਰੂਰਤ ਪੈਣੀ ਹੈ।

ਜੀਵਨ ਦੀ ਸਦਵਰਤੋਂ ਵਿਚ ਸਿਖਣ-ਸਿਖਾਉਣ ਦੀ ਪੂਰੀ ਪ੍ਰਕਿਰਿਆ ਸ਼ਾਮਲ ਹੈ। ਆਪਣੇ ਆਪ ਨਾਲ ਪ੍ਰਤਿਗਿਆ ਕਰ ਲਈਏ ਕਿ ਸਭ ਕੁਝ ਚੰਗਾ ਹੀ ਸਿਖਣਾ ਹੈ, ਆਖਰੀ ਦਮ ਤਕ ਸਿਖਣਾ ਹੈ। ਆਚਾਰ, ਵਿਹਾਰ ਅਤੇ ਕਿਰਦਾਰ ਨੂੰ ਨਿਖਾਰਨ ਅਤੇ ਬਲਵੰਤ ਕਰਨਹਾਰੇ ਚੰਗੇ ਗੁਰ-ਸੂਤਰ ਜਿਥੋਂ ਵੀ ਮਿਲਣ, ਉਨ੍ਹਾਂ ਨੂੰ ਬੇਝਿਜਕ, ਬੇਸ਼ਰਤ ਆਪਣੇ ਜੀਵਨ ਵਿਚ ਢਾਲਦੇ ਜਾਣਾ ਹੈ। ਕੁਦਰਤ ਦੀ ਹਰ ਰਚਨਾ, ਹਰ ਗਤੀਵਿਧੀ ਅਤੇ ਹਰ ਕਿਰਿਆ, ਸਾਡੇ ਆਦਰਸ਼ਕ ਸਿਖਿਆਦਾਤਾ ਦੀ ਭੂਮਿਕਾ ਵਿਚ ਹਰ ਵੇਲੇ ਹਾਜ਼ਰ ਹਨ। ਪਸ਼ੂ-ਪੰਛੀ, ਪੇੜ-ਪੌਦੇ, ਫੁੱਲ-ਬੂਟੇ, ਹਵਾ, ਪਾਣੀ, ਧਰਤੀ, ਸੂਰਜ, ਚੰਦ, ਤਾਰੇ, ਬੱਦਲ, ਝਰਨੇ, ਨਦੀਆਂ-ਨਾਲੇ, ਸਭ ਸਾਡੇ ਲਈ ਬਹੁਤ ਹੀ ਬਿਹਤਰ ਅਧਿਆਪਕ ਹਨ। ਇਸੇ ਲਈ ਧਰਮਗ੍ਰੰਥਾਂ ਦੇ ਪ੍ਰਵਚਨਾਂ ਵਿਚ ਜੀਵਨ ਦੇ ਡੂੰਘੇ ਰਾਜ਼, ਕੁਦਰਤ ਦੀਆਂ ਇਨ੍ਹਾਂ ਬਹੁਪ੍ਰਕਾਰੀ ਰਚਨਾਕਾਰੀਆਂ ਅਤੇ ਸੁੰਦਰ ਵਰਤਾਰਿਆਂ ਦੀਆਂ ਤਸ਼ਬੀਹਾਂ ਦੇ ਕੇ ਸਮਝਾਏ ਗਏ ਹਨ। ਲੋੜ ਸਿਰਫ ਇਨ੍ਹਾਂ ਦੀ ਉਪਯੋਗਤਾ ਨੂੰ ਜਾਣਨ, ਪਛਾਣਨ ਅਤੇ ਮਹਿਸੂਸਣ ਦੇ ਨਾਲ ਨਾਲ ਇਨ੍ਹਾਂ ਨੂੰ ਵਿਹਾਰਕ ਰੂਪ ਵਿਚ ਆਪਣੇ ਸੱਚੇ ਅਧਿਆਪਕ ਵਜੋਂ ਸਮਝਣ-ਗ੍ਰਹਿਣ ਕਰਨ ਦੀ ਹੈ।

ਜੀਵਨ ਦੀ ਸਦਵਰਤੋਂ ਕਰਨ ਲਈ ਸਾਨੂੰ ਕੁਦਰਤ ਨਾਲ ਜੁੜ ਕੇ ਹਮੇਸ਼ਾ ਤਰੋ-ਤਾਜ਼ਗੀ ਦੇ ਅਹਿਸਾਸ ਵਿਚ ਰਹਿਣ-ਵਿਚਰਨ ਦੀ ਆਦਤ ਬਣਾ ਲੈਣੀ ਬਹੁਤ ਹੀ ਫਾਇਦੇਮੰਦ ਰਹਿੰਦੀ ਹੈ। ਇਹ ਤਹੱਈਆ ਆਪਣੀ ਜੀਵਨਸ਼ੈਲੀ ਦਾ ਹਿੱਸਾ ਬਣਾ ਲੈਣਾ ਜ਼ਰੂਰੀ ਹੈ ਕਿ ਮੈਂ ਆਪਣੇ ਰਵੱਈਏ ਅਤੇ ਨਜ਼ਰੀਏ ਨੂੰ ਉਸਾਰੂ ਦਿਸ਼ਾ ਵਿਚ ਨਿਰੰਤਰ ਵਿਕਸਿਤ ਕਰਾਂਗਾ! ਸਰਬੱਤ ਦੇ ਭਲੇ, ਸੇਵਾ, ਪਰਉਪਕਾਰ ਦੀ ਭਾਵਨਾ ਤਹਿਤ ਦੂਜਿਆਂ ਨਾਲ ਬਿਹਤਰ ਰਿਸ਼ਤੇ ਕਾਇਮ ਕਰਕੇ ਉਨ੍ਹਾਂ ਦੀ ਸੰਭਵ ਮੱਦਦ ਕਰਨ ਲਈ ਤਤਪਰ ਰਹਾਂਗਾ। ਇਕੋ ਕਾਦਰ-ਕਰਤਾ ਦੀ ਪੈਦਾਇਸ਼ ਸਮਝਦਿਆਂ ਸਭ ਨੂੰ ਆਪਣੇ ਭੈਣ-ਭਾਈ ਸਮਝਦਿਆਂ ਸਾਰਿਆਂ ਨਾਲ ਸਨਮਾਨ ਪੂਰਵਕ ਵਿਵਹਾਰ ਕਰਾਂਗਾ। ਦੂਜਿਆਂ ਨੂੰ ਨਾਲ ਲੈ ਕੇ ਚੱਲਣ ਅਤੇ ਦੂਜਿਆਂ ਦੇ ਨਾਲ ਹੋ ਕੇ ਚੱਲਣ ਦੀਆਂ ਮੁਹਾਰਤਾਂ ਸਿਖਣ ਲਈ ਹਰ ਵਕਤ ਤਿਆਰ ਰਹਾਂਗਾ। ਇਸੇ ਦ੍ਰਿਸ਼ਟੀ ਤੋਂ ਗੁਰਬਾਣੀ ਵਿਚ ਥਾਂ ਥਾਂ ਆਪਣੀ ਜ਼ਿੰਦਗੀ ਦੇ ਕੀਮਤੀ ਸਮੇਂ ਅਤੇ ਸ਼ਕਤੀ-ਸਾਧਨਾਂ ਨੂੰ ਖਾਣ-ਪੀਣ ਅਤੇ ਸੌਣ-ਹੰਢਾਉਣ ਵਿਚ ਫਜ਼ੂਲ ਜਾਂ ਅਜਾਈਂ ਗਵਾਉਣ ਤੋਂ ਹਰ ਹਾਲਤ ਬਚਾ ਕੇ ਸਾਨੂੰ ਹਰ ਪਲ ਵਿਸਮਾਦੀ ਸਚੁ ਨਾਲ ਜੁੜ ਕੇ ਜੀਵਨ ਗੁਜ਼ਾਰਨ ਦੀ ਦਿਸ਼ਾ-ਸੇਧ ਪ੍ਰਦਾਨ ਕੀਤੀ ਗਈ ਹੈ:

– ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ॥
ਪਉੜੀ ਛੁਟਕੀ ਫਿਰਿ ਹਾਥਿ ਨ ਆਵੈ ਅਹਿਲਾ ਜਨਮੁ ਗਵਾਇਆ॥ (ਗੁਰੂ ਗ੍ਰੰਥ ਸਾਹਿਬ, ਪੰਨਾ 796)

– ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ॥
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ॥ (ਗੁਰੂ ਗ੍ਰੰਥ ਸਾਹਿਬ, ਪੰਨਾ 1254)

ਵੱਖ ਵੱਖ ਧਰਮਗ੍ਰੰਥ ਸਾਡੇ ਆਪਣੇ ਜੀਵਨ ਦੇ ਸਦਉਪਯੋਗ ਲਈ ਆਪਣੇ ਆਪ ਨਾਲ ਦ੍ਰਿੜ੍ਹ ਪ੍ਰਣ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਨ੍ਹਾਂ ਧਰਮਗ੍ਰੰਥਾਂ ਅਨੁਸਾਰ ਜੀਵਨ ਦੀ ਸਦਵਰਤੋਂ ਜਾਂ ਦੁਰਵਰਤੋਂ ਸਾਡੇ ਆਪਣੇ ਹੱਥ ਹੈ, ਕਿਸੇ ਦੂਸਰੇ ਦੇ ਵੱਸ ਵਿਚ ਨਹੀਂ। 'ਪਟੀ ਲਿਖੀ' ਬਾਣੀ ਵਿਚ ਗੁਰੂ ਨਾਨਕ ਦੇਵ ਜੀ ਦਾ ਪਵਿਤਰ ਫੁਰਮਾਨ ਹੈ:

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥ (ਗੁਰੂ ਗ੍ਰੰਥ ਸਾਹਿਬ, ਪੰਨਾ 433)

ਸਾਡਾ ਮਿੱਤਰ ਜਾਂ ਦੁਸ਼ਮਣ ਕੋਈ ਦੂਜਾ ਹੋ ਹੀ ਨਹੀਂ ਸਕਦਾ, ਇਹ ਦੋਨੋ ਭੂਮਿਕਾਵਾਂ ਅਸੀਂ ਖੁਦ ਹੀ ਨਿਭਾਉਣੀਆਂ ਹਨ। ਭਗਵਦ ਗੀਤਾ (ਅਧਿਆਇ 6:5-6) ਅਨੁਸਾਰ ਮਨੁੱਖ ਨੂੰ ਚਾਹੀਦਾ ਹੈ ਕਿ ਆਪਣੇ ਆਪੇ ਦੀ ਮਦਦ ਨਾਲ ਆਪਣਾ ਭਲਾ ਕਰੇ ਅਤੇ ਆਪਣੇ ਆਪੇ ਨੂੰ ਥੱਲੇ ਨਾ ਡਿੱਗਣ ਦੇਵੇ। ਇਹ ਜੀਵ ਆਪ ਹੀ ਆਪਣਾ ਮਿੱਤਰ ਵੀ ਹੈ ਅਤੇ ਦੁਸ਼ਮਣ ਵੀ। ਜਿਸ ਨੇ ਆਪਣੇ

ਮਨ ਅਤੇ ਇੰਦਰੀਆਂ ਸਹਿਤ ਆਪਣੇ ਸਰੀਰ ਨੂੰ ਜਿੱਤ ਲਿਆ ਹੈ, ਉਹ ਜੀਵ ਆਪਣਾ ਸਭ ਤੋਂ ਵਧੀਆ ਮਿੱਤਰ ਹੈ; ਪਰ ਜਿਹੜਾ ਆਪਣੇ ਆਪ ਨੂੰ ਕਾਬੂ ਨਹੀਂ ਕਰ ਸਕਿਆ, ਉਸ ਲਈ ਉਹ ਆਪ ਹੀ ਸਭ ਤੋਂ ਵੱਡਾ ਦੁਸ਼ਮਣ ਬਣਿਆ ਰਹਿੰਦਾ ਹੈ।

ਜੀਵਨ ਦੀ ਸਦਵਰਤੋਂ ਦਾ ਸੰਬੰਧ ਹਰ ਤਰ੍ਹਾਂ ਸਾਡੇ ਚੇਤੰਨ ਰਹਿਣ ਉਤੇ ਨਿਰਭਰ ਕਰਦਾ ਹੈ ਜਦਕਿ ਦੁਰਵਰਤੋਂ ਦਾ ਸੰਬੰਧ ਸਾਡੇ ਅਚੇਤ ਜਾਂ ਗਾਫਲ ਹੋਣ ਨਾਲ ਹੈ। ਧੱਮਪਦ (ਅਪਮਾਦ ਵੱਗੋ, 2:21) ਵਿਚ ਮਹਾਤਮਾ ਬੁੱਧ ਜੀ ਦਾ ਪ੍ਰਵਚਨ ਹੈ ਕਿ ਸਦੀਵੀ ਜੀਵਨ (ਨਿਰਵਾਣ) ਦਾ ਰਸਤਾ ਹੈ ਸਦਾ ਚੇਤੰਨ ਰਹਿਣਾ; ਜਦਕਿ ਲਾਪਰਵਾਹੀ ਆਤਮਿਕ ਮੌਤ ਦੇ ਰਸਤੇ ਪਾਉਂਦੀ ਹੈ। ਸੁਚੇਤ ਰਹਿਣ ਵਾਲੇ ਵਿਅਕਤੀ ਕਦੇ ਨਹੀਂ ਮਰਦੇ; ਜਦਕਿ ਗਾਫਲ ਲੋਕ ਜੀਉਂਦਿਆਂ ਹੀ ਮਰਿਆਂ ਵਰਗੇ ਹੁੰਦੇ ਹਨ।

ਜੀਵਨ ਦੀ ਸਦਵਰਤੋਂ ਵਾਲੀ ਜੀਵਨਸ਼ੈਲੀ ਲਈ ਆਪਣੇ ਆਪ ਨੂੰ ਹਮੇਸ਼ਾ ਠੀਕ ਦਿਸ਼ਾ ਵਿਚ ਰੱਖਣਾ ਜ਼ਰੂਰੀ ਹੈ। ਆਪਣੇ ਗਿਰੇਵਾਨ ਵਿਚ ਦੇਖਣਾ ਛੱਡ ਕੇ ਦੂਜਿਆਂ ਦੇ ਦਿਸ਼ਾਹੀਣ ਹੋਣ ਦੀ ਭਰਮਯੁਕਤ ਫਿਕਰਮੰਦੀ ਵਿਚ ਉਨ੍ਹਾਂ ਦੀ ਆਲੋਚਨਾ ਕਰਦਿਆਂ ਆਪਣੇ ਆਪ ਦੀਆਂ ਗਲਤੀਆਂ ਵੱਲੋਂ ਲਾਪਰਵਾਹ ਹੋ ਜਾਣਾ ਅਕਲਮੰਦੀ ਨਹੀਂ। ਕੁਰਾਨ ਮਜੀਦ (ਸੂਰਤ ਅਲ ਮਾਇਦਾ, 5:105) ਵਿਚ ਦਰਜ ਹੈ ਕਿ ਹੇ ਈਮਾਨ ਲਿਆਉਣ ਵਾਲਿਓ! ਆਪਣੀ ਚਿੰਤਾ ਕਰੋ। ਅਗਰ ਤੁਸੀਂ ਆਪ ਸਿੱਧੇ ਰਾਹ ਉਤੇ ਹੋ ਤਾਂ ਕਿਸੇ ਦੂਜੇ ਦੇ ਕੁਰਾਹੇ ਪੈਣ ਨਾਲ ਤੁਹਾਡਾ ਕੁਝ ਨਹੀਂ ਵਿਗੜ ਚੱਲਿਆ। ਅੱਲਾਹ ਵੱਲ ਤੁਸੀਂ ਸਾਰਿਆਂ ਨੇ ਪਰਤ ਜਾਣਾ ਹੈ, ਤਦ ਉਹ ਤੁਹਾਨੂੰ ਦੱਸ ਹੀ ਦੇਵੇਗਾ ਕਿ ਤੁਸੀਂ ਕੀ ਕਰਦੇ ਰਹੇ ਹੋ?

ਚੰਗਿਆਈ ਅਤੇ ਭਲਾਈ ਨਾਲ ਭਰਪੂਰ ਜੀਵਨ ਹਾਸਲ ਕਰਨ ਦੀ ਮਨਸ਼ਾ ਨਾਲ ਸਾਨੂੰ ਹਮੇਸ਼ਾ ਸੁਚੇਤ ਰਹਿ ਕੇ ਮਨ, ਬਚਨ ਅਤੇ ਕਰਮ ਕਰਕੇ ਗਲਤ ਕੰਮਾਂ ਤੋਂ ਤੋਬਾ ਕਰਦੇ ਰਹਿਣਾ ਚਾਹੀਦਾ ਹੈ। ਬਾਈਬਲ (ਪਤਰਸ ਦੀ ਪਹਿਲੀ ਚਿੱਠੀ, 3:10-11) ਅਨੁਸਾਰ ਜਿਹੜਾ ਵੀ ਕੋਈ ਜਿਊਣ ਦੀ ਇੱਛਾ ਰਖਦਾ ਹੈ ਅਤੇ ਅੱਛੇ ਦਿਨ ਦੇਖਣਾ ਚਾਹੁੰਦਾ ਹੈ, ਉਹ ਆਪਣੀ ਜੀਭ ਨੂੰ ਬੁਰਾਈ ਤੋਂ ਅਤੇ ਆਪਣੇ ਹੋਠਾਂ ਨੂੰ ਛਲ-ਕਪਟ ਵਾਲੀਆਂ ਗੱਲਾਂ ਕਰਨ ਤੋਂ ਰੋਕ ਕੇ ਰੱਖੇ। ਉਹ ਬੁਰਾਈ ਦਾ ਸਾਥ ਛੱਡ ਕੇ ਭਲਾਈ ਹੀ ਕਰੇ। ਉਹ ਸ਼ਾਂਤੀ ਨੂੰ ਢੂੰਡੇ ਅਤੇ ਉਸ ਦੀ ਪ੍ਰਾਪਤੀ ਲਈ ਜਤਨਸ਼ੀਲ ਰਹੇ!

ਜੀਵਨ ਦੀ ਸਦਵਰਤੋਂ ਲਈ ਸਰੀਰਕ, ਮਾਨਸਿਕ, ਬੌਧਿਕ, ਨੈਤਿਕ ਅਤੇ ਸਮਾਜਿਕ ਪੱਖੋਂ ਆਪਣੇ ਆਪ ਨੂੰ ਨਿਖਾਰਨ-ਸੰਵਾਰਨ ਦਾ ਨਿਰੰਤਰ ਅਹਿਸਾਸ ਜਗਾ ਕੇ ਖਾਮੀਆਂ ਦੀ ਛਾਂਟੀ ਕਰਦਿਆਂ ਖੂਬੀਆਂ ਨੂੰ ਆਪਣੀ ਨਿਤਕਰਮੀ ਜੀਵਨ-ਜਾਚ ਦਾ ਹਿੱਸਾ ਬਣਾਉਣਾ ਪੈਂਦਾ ਹੈ। ਸੁਖ-ਦੁਖ, ਖੁਸ਼ੀ-ਗਮੀ, ਉਸਤਤਿ-ਨਿੰਦਾ, ਮਾਨ-ਅਪਮਾਨ ਦੇ ਦਵੰਦਾਂ ਤੋਂ ਨਿਰਲੇਪ ਰਹਿਣ ਵਾਲੀ ਸੰਤੁਲਿਤ ਜੀਵਨਸ਼ੈਲੀ ਬੇਹੱਦ ਮੁਸ਼ਕਲ ਬਾਜ਼ੀ ਹੈ, ਪਰੰਤੂ ਸਚੁ ਦੀ ਤਲਾਸ਼ ਵਿਚ ਗਿਆਨ ਵੱਲ ਮੂੰਹ ਕਰਕੇ ਜੀਵਨ ਜਿਉਣ ਵਾਲੇ ਜ਼ਿੰਦਾਦਿਲ ਗੁਰਮੁਖ ਖੋਜੀ ਇਸ ਔਖੇ ਮਾਰਗ ਦੇ ਪਾਂਧੀ ਬਣਨ ਦੀ ਜ਼ਿਮੇਵਾਰੀ ਨੂੰ ਨਿਧੜਕ ਹੋ ਕੇ ਕਬੂਲਦੇ ਅਤੇ ਬਾਖੂਬੀ ਨਿਭਾਉਂਦੇ ਹਨ। ਜੀਵਨ ਦੀ ਸਦਵਰਤੋਂ ਸੰਬੰਧੀ ਜ਼ਿਮੇਵਾਰੀ ਦੇ ਇਸ ਗੰਭੀਰ ਅਹਿਸਾਸ ਬਾਰੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦਾ ਪ੍ਰੇਰਕ-ਪ੍ਰਵਚਨ ਹੈ:

– ਸਾਧੋ ਮਨ ਕਾ ਮਾਨੁ ਤਿਆਗਉ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥1॥ ਰਹਾਉ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ॥
ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ॥1॥
ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ॥
ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ॥2॥1॥ (ਗੁਰੂ ਗ੍ਰੰਥ ਸਾਹਿਬ, ਪੰਨਾ 219)

ਜੀਵਨ ਦੀ ਸਦਵਰਤੋਂ ਨੂੰ ਸਮੇਂ ਦੀ ਸਦਵਰਤੋਂ ਅਤੇ ਸਮੇਂ ਦੇ ਸਦ-ਪ੍ਰਬੰਧਨ ਜਾਂ ਵਿਉਂਤਕਾਰੀ ਦੇ ਰੂਪ ਵਿਚ ਵੀ ਸਮਝਿਆ ਜਾ ਸਕਦਾ ਹੈ। ਜੀਵਨ ਦੀ ਸੰਭਾਲ ਦਾ ਅਰਥ ਵੀ ਅਸਲ ਵਿਚ ਸਮੇਂ ਦੀ ਸੰਭਾਲ ਕਰਨਾ ਹੀ ਹੈ। ਵਰਤਮਾਨ ਸਮੇਂ ਦੀ ਸਦਵਰਤੋਂ, ਸਾਡੇ ਭੂਤ ਅਤੇ ਭਵਿੱਖ, ਦੋਨਾਂ ਨੂੰ ਸਾਰਥਕ ਬਣਾਉਂਦੀ ਹੈ। ਸਰੀਰਕ ਅਤੇ ਮਾਨਸਿਕ ਤੌਰ 'ਤੇ ਵਰਤਮਾਨ ਵਿਚ ਹਾਜ਼ਰ ਰਹਿਣਾ ਸਿਖਣਾ ਸਾਡੇ ਜੀਵਨ ਨੂੰ ਸਰਲਤਾ-ਸਹਿਜਤਾ ਬਖਸ਼ਦਾ ਹੈ। ਵਰਤਮਾਨ ਵਿਚੋਂ ਗੁਜ਼ਰ ਕੇ ਭੂਤਕਾਲ ਵਿਚ ਸਮਾ ਰਹੇ ਇਕ ਇਕ ਸਵਾਸ ਦੀ ਸਦਵਰਤੋਂ, ਜੀਵਨ ਦੀ ਉਚੇਰੀ ਪਦਵੀ ਨੂੰ ਹਾਸਲ ਕਰਨਾ ਯਕੀਨੀ ਬਣਾਉਂਦੀ ਹੈ। ਇਸ ਲਈ ਸਾਨੂੰ ਸਮੇਂ ਦੀ ਸਦਵਰਤੋਂ ਦੇ ਇਸ ਨੇਕ ਕੰਮ ਦੀ ਸ਼ੁਰੂਆਤ ਹੁਣੇ, ਬਸ ਹੁਣੇ ਕਰਨੀ ਬਣਦੀ ਹੈ; ਹੋਰ ਦੇਰ ਕਰਨਾ ਪਛਤਾਵਿਆਂ, ਝੋਰਿਆਂ ਨੂੰ ਸੱਦਾ ਦੇਣਾ ਹੈ:

– ਦਮਿ ਦਮਿ ਸਦਾ ਸਮ੍ਹਾਲਦਾ ਦੰਮੁ ਨ ਬਿਰਥਾ ਜਾਇ॥

ਜਨਮ ਮਰਨ ਕਾ ਭਉ ਗਇਆ ਜੀਵਨ ਪਦਵੀ ਪਾਇ॥ (ਗੁਰੂ ਗ੍ਰੰਥ ਸਾਹਿਬ, ਪੰਨਾ 556)

– ਕਬੀਰ ਕਾਲਿ ਕਰੰਤਾ ਅਬਹਿ ਕਰੁ ਅਬ ਕਰਤਾ ਸੁਇ ਤਾਲ॥
ਪਾਛੈ ਕਛੂ ਨ ਹੋਇਗਾ ਜਉ ਸਿਰ ਪਰਿ ਆਵੈ ਕਾਲੁ॥ (ਗੁਰੂ ਗ੍ਰੰਥ ਸਾਹਿਬ, ਪੰਨਾ 1371)

ਇਸ ਪ੍ਰਸੰਗ ਵਿਚ ਸਦਵਰਤੋਂ ਦਾ ਅਰਥ-ਭਾਵ ਆਪਣੀਆਂ ਨਿਤ-ਕਿਰਿਆਵਾਂ ਨੂੰ ਨਿਯਮਤ ਕਰਨਾ, ਭਾਵ ਰਹਿਣ-ਸਹਿਣ, ਸੌਣ-ਜਾਗਣ, ਖਾਣ-ਪੀਣ, ਸੁਣਨ-ਬੋਲਣ ਦੀਆਂ ਚੰਗੀਆਂ ਆਦਤਾਂ ਬਣਾਉਣਾ ਹੈ। ਇਸ ਦਿਸ਼ਾ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਇਹ ਸੰਦੇਸ਼ ਬਾਖ਼ੂਬੀ ਸਾਡੀ ਰਹਿਨੁਮਾਈ ਕਰਦਾ ਹੈ:

ਅਲਪ ਆਹਾਰ ਸੁਲਪ ਸੀ ਨਿਦ੍ਰਾ ਦਯਾ ਛਿਮਾ ਤਨ ਪ੍ਰੀਤਿ॥
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ॥
ਕਾਮ ਕ੍ਰੋਧ ਹੰਕਾਰ ਲੋਭ ਹਠ ਮੋਹ ਨ ਮਨ ਸੋ ਲਯਾਵੈ॥
ਤਬ ਹੀ ਆਤਮ ਤਤ ਕੋ ਦਰਸੇ ਪਰਮ ਪੁਰਖ ਕਹ ਪਾਵੈ॥ (ਸ੍ਰੀ ਦਸਮ ਗ੍ਰੰਥ, ਰਾਮਕਲੀ ਪਾਤਸਾਹੀ 10)

ਸਰੀਰ, ਮਨ, ਬੁੱਧੀ ਅਤੇ ਭਾਵਾਂ ਦੀ ਚੰਗੀ ਪਰਵਰਿਸ਼ ਅਤੇ ਸਦਵਰਤੋਂ – ਸਾਡੇ ਜੀਵਨ ਨੂੰ ਸਰਲ, ਸਹਿਜ ਅਤੇ ਸੁਖੀ ਬਣਾਉਣ ਦਾ ਕੰਮ ਕਰਦੀ ਹੈ। ਮਨ, ਬਚਨ, ਕਰਮ ਕਰਕੇ ਗਲਤ ਕੰਮਾਂ ਤੋਂ ਗੁਰੇਜ਼-ਪਰਹੇਜ਼ ਸਾਡੀ ਜੀਵਨ-ਦਿਸ਼ਾ ਨੂੰ ਸਤੋਗੁਣੀ ਅਤੇ ਪਰਗਾਸਮੁਖੀ ਬਣਾਈ ਰੱਖਦਾ ਹੈ। ਦਿਲ, ਦਿਮਾਗ, ਅੱਖਾਂ, ਕੰਨ, ਨੱਕ, ਜੀਭ, ਦੰਦ, ਹੱਥ, ਪੈਰ, ਲੱਤਾਂ, ਬਾਹਾਂ ਨੂੰ ਔਗੁਣਾਂ-ਬੁਰਾਈਆਂ ਵੱਲੋਂ ਵਰਜ ਕੇ ਗੁਣਾਂ-ਚੰਗਿਆਈਆਂ ਵੱਲ ਲਗਾਉਣ ਦੀ ਸਵੈ-ਸੰਜਮੀ ਸਿਖਲਾਈ, ਸਾਡੇ ਇਸ ਅਨਮੋਲ ਮਨੁਖੀ ਜੀਵਨ ਨੂੰ ਸਾਰਥਕ ਅਤੇ ਸਨਮਾਨਪੂਰਵਕ ਢੰਗ ਨਾਲ ਪ੍ਰਵਾਨ ਚੜ੍ਹਾਉਣ ਦਾ ਕਾਰਗਰ ਸਾਧਨ ਬਣਦੀ ਹੈ। ਭਾਈ ਗੁਰਦਾਸ ਜੀ ਨੇ ਬਹੁਤ ਹੀ ਖ਼ੂਬਸੂਰਤ ਤਰੀਕੇ ਨਾਲ ਸਮਝਾਇਆ ਹੈ:

ਮਾਣਸ ਜਨਮੁ ਅਮੋਲੁ ਹੈ ਹੋਇ ਅਮੋਲੁ ਸਾਧਸੰਗ ਪਾਏ।
ਅਖੀ ਦੁਇ ਨਿਰਮੋਲਕਾ ਸਤਿਗੁਰ ਦਰਸ ਧਿਆਨ ਲਿਵ ਲਾਏ।
ਮਸਤਕੁ ਸੀਸ ਅਮੋਲੁ ਹੈ ਚਰਣ ਸਰਣ ਗੁਰੁ ਧੂੜਿ ਸੁਹਾਏ।
ਜਿਹਬਾ ਸ੍ਰਵਣ ਅਮੋਲਕਾ ਸਬਦ ਸੁਰਤਿ ਸੁਣਿ ਸਮਝਿ ਸੁਣਾਏ।
ਹਸਤ ਚਰਣ ਨਿਰਮੋਲਕਾ ਗੁਰਮੁਖ ਮਾਰਗਿ ਸੇਵ ਕਮਾਏ।
ਗੁਰਮੁਖਿ ਰਿਦਾ ਅਮੋਲੁ ਹੈ ਅੰਦਰਿ ਗੁਰੁ ਉਪਦੇਸੁ ਵਸਾਏ।
ਪਤਿ ਪਰਵਾਣੈ ਤੋਲਿ ਤੁਲਾਏ॥17॥ (ਭਾਈ ਗੁਰਦਾਸ ਜੀ, ਵਾਰ 15:17)

ਸੋ ਲੋੜ ਹੈ ਕਿ ਰੂਹਾਨੀ ਖੇੜੇ ਜਾਂ ਆਤਮ-ਵਿਗਾਸ, ਭਾਵ ਜੀਵਨ ਦੇ ਭਰਪੂਰ ਵਿਕਾਸ ਜਾਂ ਪ੍ਰਫੁੱਲਤਾ ਲਈ ਹਮੇਸ਼ਾ ਸਵੈਚੇਤਨ ਰਹਿ ਕੇ ਆਪਣੇ ਜੀਵਨ ਦੀ ਸਦਵਰਤੋਂ ਦੀ ਸਾਰਥਕ ਸਮਝ ਹਾਸਲ ਕਰੀਏ! ਸਵੈਚੇਤਨ ਹੋ ਕੇ ਆਪਣੇ ਅਹਿਸਾਸਾਂ, ਵਿਸ਼ਵਾਸਾਂ ਅਤੇ ਅਭਿਆਸਾਂ ਨੂੰ ਸੰਵਾਰਨ ਤੇ ਨਿਖਾਰਨ ਲਈ ਜੀਵਨ ਦੀ ਸਦਵਰਤੋਂ ਨੂੰ ਸ਼ੁਭ ਭਾਵਨਾ ਤਹਿਤ ਚੰਗੀ ਤਰ੍ਹਾਂ ਸਮਝੀਏ! ਇਸ ਲਈ ਬੇਹੱਦ ਜ਼ਰੂਰੀ ਹੈ – ਆਪਣੇ ਅੰਦਰ ਛੁਪੇ ਹੋਏ ਗੁਣਾਂ, ਸ਼ਕਤੀਆਂ, ਸਮਰੱਥਾਵਾਂ ਅਤੇ ਸੰਭਾਵਨਾਵਾਂ ਨੂੰ ਪਛਾਣ ਕੇ ਉਨ੍ਹਾਂ ਨੂੰ ਆਪਣੇ ਸਵੈ-ਵਿਕਾਸ ਹਿਤ ਵੱਧ ਤੋਂ ਵੱਧ ਵਰਤਣ ਲਈ ਜਤਨਸ਼ੀਲ ਰਹੀਏ। ਇਹ ਤਾਂ ਹੀ ਸੰਭਵ ਹੋਵੇਗਾ ਜੇ ਪਹਿਲਾਂ ਅਸੀਂ ਆਪਣੀਆਂ ਖ਼ੂਬੀਆਂ-ਖਾਮੀਆਂ, ਸ਼ਕਤੀਆਂ ਅਤੇ ਸਮਰੱਥਾਵਾਂ ਬਾਰੇ ਚੰਗੀ ਤਰ੍ਹਾਂ ਸਵੈਚੇਤਨ ਹੋਈਏ! ਫਿਰ ਇਨ੍ਹਾਂ ਨੂੰ ਵਰਤਣ ਦੀਆਂ ਤਕਨੀਕਾਂ, ਤਰਕੀਬਾਂ ਅਤੇ ਜੁਗਤਾਂ ਤੋਂ ਜਾਣੂੰ ਹੋਈਏ! ਇਨ੍ਹਾਂ ਤਕਨੀਕਾਂ, ਤਰਕੀਬਾਂ ਅਤੇ ਜੁਗਤਾਂ ਨੂੰ ਸਮਝ ਕੇ ਉਨ੍ਹਾਂ ਲਈ ਨਿਰੰਤਰ ਜਤਨ-ਅਭਿਆਸ ਕਰਦੇ ਰਹੀਏ! ਇਸ ਦੇ ਨਾਲ ਹੀ ਦਿਲ ਦੇ ਅੰਦਰ ਜੀਵਨ ਦੀ ਸਦਵਰਤੋਂ ਕਰਨ ਦੀ ਤੀਬਰ ਇੱਛਾ, ਤੜਪ ਅਤੇ ਰੀਝ ਨਿਰੰਤਰ ਬਣਾਈ ਰੱਖੀਏ! ਸਵੈ-ਵਿਕਸਿਤ ਹੋਣ ਦੇ ਉਦੇਸ਼ ਨਾਲ ਆਪਣੇ ਦਿਲ ਅੰਦਰ ਆਪੇ ਨੂੰ ਬਦਲਣ ਲਈ ਪੂਰਨ ਸਵੈ-ਵਿਸ਼ਵਾਸ ਨਾਲ ਆਤਮ-ਸੁਧਾਈ ਦੀ ਜੋਤ ਨੂੰ ਨਿਰੰਤਰ ਜਗਾਈ ਰੱਖਣਾ, ਜੀਵਨ ਦੀ ਸਦਵਰਤੋਂ ਲਈ ਬੇਹੱਦ ਕਾਰਗਰ ਗੁਰ-ਸੂਤਰ ਹੈ।

**ਜਥੇਦਾਰ ਗੁਰਚਰਨ ਸਿੰਘ ਟੌਹੜਾ**
**ਇੰਸਟੀਚਿਊਟ ਆਫ ਅਡਵਾਂਸਡ ਸਟੱਡੀਜ਼ ਇਨ ਸਿੱਖਇਜ਼ਮ, ਬਹਾਦਰਗੜ੍ਹ (ਪਟਿਆਲਾ)**

## ਰਾਗ ਬਸੰਤ (ਪੂਰਵੀ ਥਾਟ)

**ਪ੍ਰੋ. ਰਾਏਦੀਪ ਸਿੰਘ**

ਰਾਗਬਸੰਤਭਾਰਤੀ ਸੰਗੀਤ ਅਤੇ ਗੁਰਬਾਣੀ ਸੰਗੀਤਦਾਪ੍ਰਸਿੱਧ ਅਤੇ ਹਰਮਨਪਿਆਰਾ ਮੌਸਮੀਰਾਗ ਹੈ ਜਿਸਨੂੰ ਕਿਬਸੰਤ ਰੁੱਤਵਿੱਚਕਿਸੇ ਵੀ ਸਮੇਂ ਗਾਇਆਜਾ ਸਕਦਾ ਹੈ। ਇਸ ਪ੍ਰੰਪਰਾਅਧੀਨ ਸ੍ਰੀਦਰਬਾਰ ਸਾਹਿਬਅੰਮ੍ਰਿਤਸਰਵਿਖੇ ਮਾਘ ਦੀ ਸੰਗਰਾਂਦਤੋਂਲੈਕੇ ਹੋਲੇ ਮੁਹੱਲੇ ਤੱਕਹਰਕੀਰਤਨੀਆਕੀਰਤਨਦੀਅਰੰਭਤਾਬਸੰਤਤੋਂਹੀਕਰਦਾ ਹੈ।

ਬਸੰਤਰਾਗ ਨੂੰ ਤਿੰਨਥਾਟਾਂ (ਪੂਰਵੀ, ਮਾਰਵਾ ਤੇ ਬਿਲਾਵਲ) ਅਧੀਨਗਾਇਆਜਾਂਦਾ ਹੈ। ਵਿਦਵਾਨਾਂਅਨੁਸਾਰ ਗੁਰਬਾਣੀ ਸੰਗੀਤਦਾਬਸੰਤਬਿਲਾਵਲਥਾਟਵਾਲਾ ਹੈ ਪਰ ਪੂਰਵੀਥਾਟਵਾਲੇ ਬਸੰਤਦਾਵੀਪ੍ਰਚਲਨਬਹੁਤ ਹੈ। ਮਾਰਵਾਥਾਟ ਦੇ ਬਸੰਤਦਾਪ੍ਰਚਲਨਕੀਰਤਨਵਿੱਚ ਪੂਰਵੀ ਤੇ ਬਿਲਾਵਲਨਾਲੋਂਘੱਟ ਹੈ। ਇਥੇ ਜਿਸ ਬਸੰਤਰਾਗਦੀਬੰਦਿਸ਼ (ਸ਼ਬਦ) ਦਿੱਤੀਗਈ ਹੈ ਉਹ ਪੂਰਵੀਥਾਟਦਾ ਹੈ ਜਿਸਦੀਜਾਣਪਛਾਣਇਸ ਤਰਾਂਹੈ:

ਥਾਟ - ਪੂਰਵੀ

ਵਾਦੀ - ਸਂ

ਸੰਵਾਦੀ - ਪ

ਵਰਜਿਤ ਸਵਰ - ਅਰੋਹਵਿੱਚਰੇ ਅਤੇ ਪ

ਅਰੋਹ - ਸ ਗ, ਮੇਧਰੇਂ ਸਂ, ਨੀ ਸਂ

ਅਵਰੋਹ- ਰੇਂਨੀਧ ਪ, ਮੇ ਗ ਮੇ ऽਗ, ਮੇ ਧ ਗ ਮੇ ਗ, ਰੇ ਸ

ਪਕੜ - ਮੇ ਧਰੇਂ ਸਂ, ਨੀਧ ਪ, ਮੇ ਗ ਮੇ ऽਗ

## ਰਾਗਬਸੰਤ (ਪੂਰਵੀਥਾਟ) ਮੱਤਤਾਲ

### ਸਥਾਈ

| 1 | 2 | 3 | 4 | 5 | 6 | 7 | 8 | 9 |
|---|---|---|---|---|---|---|---|---|
| ਧਿੰ | ਤਿਰਕਿਟ | ਧਿੰ | ਨਾ | ਤੂ | ਨਾ | ਧਿੰਧਿੰ | ਨਾਧਿੰ | ਧਿੰਨਾਂ |
| ਸੰਨੀ | ਨੀਧ | ਧਪ | ਪ | ਮੇ | ਗ | ਮੇਮੇ | ਧਧ | ਮੇਧ |
| ਆऽ | ਜऽ | ਹऽ | ਮਾ | ਰੈ | ऽ | ਗ੍ਰਹਿ | ਬਸੰ | ऽਤ |
| ਸੰਨੀ | ਨੀਧ | ਧਪ | ਪ | ਮੇ | ਗ | ਮੇਮੇ | ਗਰੇ | ਸਸ |
| ਆऽ | ਜऽ | ਹऽ | ਮਾ | ਰੈ | ऽ | ਗ੍ਰਹਿ | ਬਸੰ | ऽਤ |
| ਮ | ਮ | ਮ | ਮੇਗ | ਗ | ਗ | ਮੇਮੇ | ਧਧ | ਮੇਧ |
| ਗੁਨ | ਗਾ | ਏ | ਪ੍ਰऽ | ਭ | ऽ | ਤੁਮ | ਬੇਅੰ | ऽਤ |

### ਅੰਤਰਾ

| | | | | | | | | |
|---|---|---|---|---|---|---|---|---|
| ਮੇਗ | ਗ | ਗ | ਮੇਧ | ਧਮੇ | ਮੇਧ | ਸੰਸੰ | ਸੰਰੇਂ | ਸੰਸੰ |
| ਗੁਰੁ | ਸੇ | ऽ | ਵਉ | ਕऽ | ਰਿऽ | ਨਮ | ਸਕਾ | ऽਰ |
| ਗੰ | ਗੰ | ਗੰ | ਗੰ | ਗੰਮੇਂ | ਮੇਂਗੰ | ਰੇਂਸੰ | ਸੰਸੰ | -ਸੰ |
| ਆ | ਜੁ | ਹ | ਮਾ | ਰੈऽ | ऽऽ | ਮੰਗ | ਲਚਾ | ऽਰ |
| ਸੰ | ਸੰ | ਸੰਨੀ | ਨੀਧ | ਧਪ | ਪ | ਮੇਗ | ਮੇਗ | ਰੇਸ |
| ਆ | ਜੁ | ਹऽ | ਮਾऽ | ਰੈ ऽ | ऽ | ਮਹਾ | ਅਨੰ | ऽਦ |
| ਮ | ਮ | ਮ | ਮੇਗ | ਗ | ਗ | ਮੇਮੇ | ਧਧ | ਮੇਧ |
| ਚਿੰ | ਤ | ਲ | ਥੀऽ | ਭੇ | ऽ | ਟੇऽ | ਗੋਬਿੰ | ऽਦ |

**ਨੋਟ :** ੨, ੩ ਅਤੇ ੪ ਅੰਕਵਾਲੇ ਅੰਤਰੇ ਵੀਉਪਰੋਕਤਅੰਤਰੇ ਅਨੁਸਾਰਗਾਇਨਕਰਨ

**ਅਸਿਸਟੈਂਟ ਪ੍ਰੋ. ਇਨ ਮਿਊਜਿਕ ਵੋਕਲ**
**ਬੀ.ਏ.ਐਮ.ਖਾਲਸਾ ਕਾਲਜ, ਗੜ੍ਹਸ਼ੰਕਰ**
**ਮੋ. 9872736587**

# ਤਿੰਨ ਤਾਲ: ਕਾਇਦਾ ਸੀਰੀਜ਼
## (ਲਾਹੌਰ ਬਾਜ, ਪੰਜਾਬ ਘਰਾਣਾ)

**ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ**

ਤਬਲਾ ਵਿਦਿਆਰਥੀਆਂ ਲਈ ਲੜੀਵਾਰ ਕਾਇਦਾ ਸੀਰੀਜ਼ ਅਧੀਨ **ਕਾਇਦਾ ਨੰ: 20** ਦੇ ਰਿਹਾ ਹਾਂ ਜਿਸ ਦਾ ਇਜ਼ਾਫ਼ਾ 8 ਬੰਧਾਂ ਰਾਹੀ ਕੀਤਾ ਗਿਆ ਹੈ ਅਤੇ ਆਖ਼ਿਰ ਵਿੱਚ ਚਕਰਦਾਰ ਮੁਕਾਮ ਹੈ। ਕਾਇਦੇ ਦਾ ਮੂਲ ਬੋਲ 8 ਮਾਤਰਾ ਦਾ ਹੈ, 4 ਮਾਤਰਾ ਦਾ ਜੋੜ ਹੈ ਅਤੇ 4 ਮਾਤਰਾ ਦੀ ਰਦੀਫ਼ ਖਾਲੀ ਹੈ। ਇਸੇ ਤਰ੍ਹਾਂ ਕਾਇਦੇ ਦਾ ਦੂਜਾ ਹਿੱਸਾ ਖਾਲੀ ਹੈ ਪਰ ਰਦੀਫ਼ ਭਰੀ ਹੈ। ਇਸ ਕਾਇਦੇ ਦੀ ਰਚਨਾ ਮੇਰੇ ਦੁਆਰਾ ਕੀਤੀ ਗਈ ਹੈ, ਜਿਸ ਵਿੱਚ ਕਬੂਤਰਾਂ ਦੀ ਆਪਸੀ ਗ਼ੁਫ਼ਤਗੂ ਦਾ ਤਸਵਰ ਹੈ ਅਤੇ ਇਸ ਕਾਇਦੇ ਨੂੰ "**ਕਬੂਤਰੀ ਕਾਇਦਾ**" ਨਾਮ ਦਿੱਤਾ ਗਿਆ ਹੈ। ਇਸ ਕਾਇਦੇ ਦੀ ਵੀਡੀਉ Prof. Harbhajan Singh Dhariwal ਦੇ You-Tube Channel ਤੇ # 04 Kabutree Qaida Teen Taal ਤੇ ਦੇਖ ਸੁਣ ਸਕਦੇ ਹੋ। ਮੇਹਰਬਾਨੀ ਕਰਕੇ ਮੇਰੇ ਚੈਨਲ ਨੂੰ Subscribe ਜ਼ਰੂਰ ਕਰ ਦੇਣਾਂ । ਹੋਰ ਵਧੇਰੇ ਜਾਣਕਾਰੀ ਲਈ ਸਿਖਿਆਰਥੀ ਮੈਨੂੰ +91-98143 49658 ਤੇ ਫੋਨ ਕਰ ਸਕਦੇ ਹਨ।

**ਨੋਟ:** ਨਵੰਬਰ 2021 ਤੋਂ ਹੁਣ ਤਕ 'ਤਿੰਨ ਤਾਲ: ਕਾਇਦਾ ਸੀਰੀਜ਼' ਅਧੀਨ ਤਿੰਨ ਤਾਲ ਦੇ 20 ਕਾਇਦੇ ਦੇ ਚੁਕੇ ਹਾਂ।

## ਕਾਇਦਾ ਨੰ: 20

ਘੇਤ ਗਘੇ ਤਗ ਧਾਟ ਧਾਗੇ ਨਧਾ ਟਧਾ ਗੇਨਾ, ਧਾਤਿਰ ਕਿਟਤਕ ਤਿਰਕਿਟ ਧਾੜ ਘਿਨਾ ਨਗ ਤਿਨਾ ਕਿਨਾ ।
ਕੇਤ ਕਕੇ ਤਕ ਤਾਟ ਤਾਕੇ ਨਾਤਾ ਟਤਾ ਕੇਨਾ, ਧਾਤਿਰ ਕਿਟਤਕ ਤਿਰਕਿਟ ਧਾੜ ਘਿਨਾ ਨਗ ਧਿਨਾ ਗਿਨਾ ॥

**ਦੋਹਰਾ :**

ਘੇਤਗਘੇ ਤਗਧਾਟ ਧਾਗੇਨਾਧਾ ਟਧਾਗੇਨਾ, ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਕੇਤਕਕੇ ਤਕਤਾਟ ਤਾਕੇਨਾਤਾ ਟਤਾਕੇਨਾ, ਕੇਤਕਕੇ ਤਕਤਾਟ ਤਾਕੇਨਾਤਾ ਟਤਾਕੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ# 1**

ਘੇਤਗਘੇ ਤਗਧਾਟ ਧਾਗੇਨਾਧਾ ਟਧਾਗੇਨਾ, ਘੇਤਗਧਾ ਟਧਾਗੇਨ ਘੇਤਗਧਾ ਟਧਾਗੇਨ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਕੇਤਕਕੇ ਤਕਤਾਟ ਤਾਕੇਨਾਤਾ ਟਤਾਕੇਨਾ, ਕੇਤਕਤਾ ਟਤਾਕੇਨਾ ਕੇਤਕਤਾ ਟਤਾਕੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ# 2**

ਘੇਤਗਧਾ ਟਧਾਗੇਨ ਘੇਤਗਧਾ ਟਧਾਗੇਨ, ਘੇਤਗਘੇ ਤਗਧਾਟ ਧਾਗੇਨਾਧਾ ਟਧਾਗੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤੀਨਾਕਿਨਾ ।
ਕੇਤਕਤਾ ਟਤਾਕੇਨਾ ਕੇਤਕਤਾ ਟਤਾਕੇਨਾ, ਕੇਤਕਕੇ ਤਕਤਾਟ ਤਾਕੇਨਾਤਾ ਟਤਾਕੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ # 3**

ਘੇਤਗਧਾ ਟਧਾਗੇਨ ਘੇਤਗਘੇ ਤਗਧਾਟ, ਧਾਗੇਨਧਾ ਟਧਾਗੇਨਾ ਤਿਕ-ਧਾ ਟਧਾਗੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਕੇਤਕਤਾ ਟਤਾਕੇਨਾ ਕੇਤਕਕੇ ਤਕਤਾਟ, ਤਾਕੇਨਾਤਾ ਟਤਾਕੇਨਾ ਤਿਕ-ਤਾ ਟਤਾਕੇਨਾ,

RNI Regd.No. 46788/89 ISSN 0972-2335

ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ # 4**

ਘੇਤਗਧਾ ਟਧਾਗੇਨਾ ਤਿਕ-ਧਾ ਟਧਾਗੇਨਾ, ਘੇਤਗਧਾ ਟਧਾਗੇਨਾ ਤਿਕ-ਧਾ ਟਧਾਗੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਕੇਤਕਤਾ ਟਤਾਕੇਨਾ ਤਿਕ-ਤਾ ਟਤਾਕੇਨਾ, ਕੇਤਕਤਾ ਟਤਾਕੇਨ ਤਿਕ-ਤਾ ਟਤਾਕੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ # 5**

ਤਿਕ-ਧਾ ਟਧਾਗੇਨਾ ਤਿਕ-ਧਾ ਟਧਾਗੇਨਾ, ਘੇਤਗਧਾ ਟਧਾਗੇਨਾ ਘੇਤਗਧਾ ਟਧਾਗੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਤਿਕ-ਤਾ ਟਤਾਕੇਨਾ ਤਿਕ-ਤਾ ਟਤਾਕੇਨਾ, ਕੇਤਕਤਾ ਟਤਾਕੇਨਾ ਕੇਤਕਤਾ ਟਤਾਕੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ # 6**

ਤਿਕ-ਧਾ ਟਧਾਗੇਨਾ ਘੇਤਗਧਾ ਟਧਾਗੇਨਾ, ਤਿਕ-ਧਾ ਟਧਾਗੇਨਾ ਘੇਤਗਧਾ ਟਧਾਗੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਤਿਕ-ਤਾ ਟਤਾਕੇਨਾ ਕੇਤਕਤਾ ਟਤਾਕੇਨਾ, ਤਿਕ-ਤਾ ਟਤਾਕੇਨਾ ਕੇਤਕਤਾ ਟਤਾਕੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ # 7**

ਘੇਤਗਧਾ ਟਧਾਗੇਨਾ ਘਿਨਾਨਗ ਘੇਤਗਧਾ, ਟਧਾਗੇਨਾ ਘਿਨਾਨਗ ਤਿਕਘੇਤ ਗਘੇਤਗ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਕੇਤਕਤਾ ਟਤਾਕੇਨਾ ਕਿਨਾਨਕ ਕੇਤਕਤਾ, ਟਤਾਕੇਨਾ ਕਿਨਾਨਕ ਤਿਕਕੇਤ ਕਕੇਤਕ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

**ਬੰਧ # 8**

ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਘੇਤਘੇਤ ਘੇਤਗਘੇ ਤਗਘੇਤ ਗਘੇਤਗ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਤਿਨਾਕਿਨਾ ।
ਕੇਤਕਕੇ ਤਕਤਾਟ ਤਾਕੇਨਾਤਾ ਟਤਾਕੇਨਾ, ਕੇਤਕੇਤ ਘੇਤਗਘੇ ਤਗਘੇ ਗਘੇਤਗ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨਾ, ਧਾਤਿਰਕਿਟਤਕ ਤਿਰਕਿਟਧਾੜ ਘਿਨਾਨਗ ਧਿਨਾਗਿਨਾ ॥

## ਮੁਕਾਮ ਕਾਇਦੇ ਦਾ (ਚਕਰਦਾਰ) :

ਘੇਤਗਧਾ ਟਧਾਗੇਨਾ ਘੇਤਗਘੇ ਤਗਧਾੜ ਧਾ- ਘੇਤਗਘੇ ਤਗਧਾੜ ਧਾ- ਘੇਤਗਘੇ ਤਗਧਾੜ ਧਾ-, ਘੇਤਗਧਾ ਟਧਾਗੇਨਾ ਘੇਤਗਘੇ ਤਗਧਾੜ ਧਾ- ਘੇਤਗਘੇ ਤਗਧਾੜ ਧਾ- ਘੇਤਗਘੇ ਤਗਧਾੜ ਧਾ-, ਘੇਤਗਧਾ ਟਧਾਗੇਨਾ ਘੇਤਗਘੇ ਤਗਧਾੜ ਧਾ- ਘੇਤਗਘੇ ਤਗਧਾੜ ਧਾ- ਘੇਤਗਘੇ ਤਗਧਾੜ । ਧਾ-

x

# 340 ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ-143519
ਜ਼ਿਲ੍ਹਾ: ਗੁਰਦਾਸਪੁਰ, ਪੰਜਾਬ (ਭਾਰਤ), ਫੋਨ: +91-98143 49658
Email: harbhajansinghdhariwal@gmail.com